# ਗੁਰਚਰਨ ਸਿੰਘ ਟੌਹੜਾ

ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜਨਮ ਪਿੰਡ ਟੌਹੜਾ, ਤਹਿਸੀਲ ਨਾਭਾ ਵਿਖੇ 24 ਸਤੰਬਰ, 1924 ਨੂੰ ਸਰਦਾਰਨੀ ਬਸੰਤ ਕੌਰ ਦੀ ਕੁਖੋਂ ਹੋਇਆ ਸੀ।ਜਥੇਦਾਰ ਟੌਹੜਾ ਦੇ ਪਿਤਾ ਸ. ਦਲੀਪ ਸਿੰਘ ਜਿਸ ਵੇਲੇ ਸਵਰਗਵਾਸ ਹੋਏ, ਉਸ ਵੇਲੇ ਜਥੇਦਾਰ ਟੌਹੜਾ ਦੀ ਉਮਰ ਕੇਵਲ ਦੋ ਵਰ੍ਹਿਆਂ ਦੀ ਸੀ। ਜਥੇਦਾਰ ਟੌਹੜਾ ਨੇ ਆਪਣਾ ਜੀਵਨ ਪਿਤਾ ਪੁਰਖੀ ਕਿੱਤੇ ਖੇਤੀਬਾੜੀ ਤੋਂ ਆਰੰਭ ਕੀਤਾ ਸੀ।ਉਹ ਲੰਮਾ ਸਮਾਂ ਪਿੰਡ ਵਿਚ ਆਪਣੀ ਜੱਦੀ ਜਾਇਦਾਦ ਤੇ ਖੇਤੀ ਕਰਦੇ ਰਹੇ ਸਨ।ਉਨ੍ਹਾਂ ਨੇ 1937 ਵਿਚ ਉਸ ਵੇਲੇ ਅੰਮ੍ਰਿਤ ਛਕਿਆ ਸੀ, ਜਦੋਂ ਉਨ੍ਹਾਂ ਦੇ ਪਿੰਡ ਵਿਚ ਅੰਮ੍ਰਿਤ ਸੰਚਾਰ ਸਮਾਗਮ ਹੋ ਰਿਹਾ ਸੀ।13 ਵਰ੍ਹਿਆਂ ਦੀ ਉਮਰ ਵਿਚ ਛਕੇ ਹੋਏ ਅੰਮ੍ਰਿਤ ਦੀ ਲਾਜ ਉਨ੍ਹਾਂ ਨੇ ਕੇਸਾਂ ਸੁਆਸਾਂ ਨਾਲ ਪਾਲੀ ਸੀ। ਉਨ੍ਹਾਂ ਦੇ ਅੰਮ੍ਰਿਤਧਾਰੀ ਜੀਵਨ ਦਾ ਹੀ ਸਿੱਟਾ ਸੀ ਕਿ ਉਨ੍ਹਾਂ ਨੂੰ ਨਿਤ ਨੇਮ ਦੀਆਂ ਬਾਣੀਆਂ ਜਬਾਨੀ ਕੰਠ ਸਨ ਅਤੇ ਉਹ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਵੀ ਲਗਾਤਾਰ ਹਿੱਸਾ ਲੈਂਦੇ ਰਹੇ ਸਨ।ਇਸ ਪੱਖੋਂ ਉਹ ਗੁਰਮਤਿ ਸੁਰ ਵਿਚ ਕਿਰਪਾ ਦੇ ਪਾਤਰ ਸਨ ਕਿਉਂਕਿ ਬਿਨਾ ਕਿਸੇ ਵਿਧੀਵਤ ਟਰੇਨਿੰਗ ਦੇ ਉਹ ਲਗਾਤਾਰ ਗੁਰਮਤਿ ਸਮਾਗਮਾਂ ਵਿਚ ਗੁਰਮਤਿ ਵਿਖਿਆਨ ਦੇਣ ਦੀ ਜੁੰਮੇਵਾਰੀ ਸਿੱਖੇ ਹੋਏ ਮਿਸ਼ਨਰੀਆਂ ਨਾਲੋਂ ਵੀ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਂਦੇ ਰਹੇ ਸਨ।ਉਨ੍ਹਾਂ ਨੇ ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ ਨੂੰ ਸਮਰਪਿਤ ਜੀਵਨ ਜਿਊਣ ਦੀ ਸਫਲ ਕੋਸ਼ਿਸ਼ ਕੀਤੀ ਸੀ।ਉਹ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਪਾਸ ਸਨ ਅਤੇ ਸੰਸਕ੍ਰਿਤ ਵਿਦਿਆਲਾ ਪਟਿਆਲਾ ਦੇ ਵਿਦਿਆਰਥੀ ਰਹੇ ਸਨ।

ਜਥੇਦਾਰ ਟੌਹੜਾ ਨੇ 14 ਸਾਲ ਦੀ ਉਮਰ ਵਿਚ ਸ੍ਰੋਮਣੀ ਅਕਾਲੀ ਦਲ ਵਿਚ ਕੰਮ ਕਰਨਾ ਸ਼ੁਰੂ ਕਰ ਦਿਤਾ ਸੀ ਅਤੇ ਆਖਰੀ ਦਮ ਤੱਕ ਸ਼੍ਰੋਮਣੀ ਅਕਾਲੀ ਦਲ ਵਿਚ ਕੰਮ ਕਰਦੇ ਰਹੇ ਸਨ।ਅਕਾਲੀ ਸਿਆਸਤ ਵਿਚ ਬਹੁਤ ਵਾਰੀ ਅਜਿਹੇ ਮੌਕੇ ਆਏ ਜਦੋਂ ਅਕਾਲੀ ਪਾਰਟੀ ਨੇ ਕਾਂਗਰਸ ਵਿਚ ਸ਼ਮੂਲੀਅਤ ਕਰ ਲਈ ਸੀ, ਪਰ ਜਥੇਦਾਰ ਟੌਹੜਾ ਅਤੇ ਮਾਸਟਰ ਤਾਰਾ ਸਿੰਘ ਦੋ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਉਨ੍ਹਾਂ ਹਲਾਤਾਂ ਵਿਚ ਵੀ ਅਕਾਲੀ ਰਹਿਣ ਨੂੰ ਹੀ ਪਸੰਦ ਕੀਤਾ ਸੀ।ਇਸ ਤਰ੍ਹਾਂ ਜਥੇਦਾਰ ਟੌਹੜਾ ਨੂੰ ਜਮਾਂਦਰੂ ਅਕਾਲੀ ਕਿਹਾ ਜਾ ਸਕਦਾ ਹੈ।ਉਨ੍ਹਾਂ ਦਾ ਸਰਗਰਮ ਰਾਜਸੀ ਜੀਵਨ 1944 ਤੋਂ ਆਰੰਭ ਹੋਇਆ ਸੀ ਅਤੇ 1944 ਵਿਚ ਹੀ ਉਨ੍ਹਾਂ ਨੇ ਪਹਿਲੀ ਜੇਹਲ ਯਾਤਰਾ ਕੀਤੀ ਸੀ।ਉਸ ਤੋਂ ਪਿਛੋਂ ਉਹ ਲਗਾਤਾਰ ਹਰ ਮੋਰਚੇ ਵਿਚ ਸ਼ਾਮਲ ਹੁੰਦੇ ਰਹੇ ਸਨ।ਉਨ੍ਹਾਂ ਦਾ ਜੇਹਲ ਜੀਵਨ ਵੀ ਕਾਫੀ ਲੰਮਾ ਬਣ ਜਾਂਦਾ ਹੈ।ਉਨ੍ਹਾਂ ਦੇ ਅਕਾਲੀ ਸੁਭਾ ਨੂੰ ਧਿਆਨ ਵਿਚ ਰਖਕੇ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਨੂੰ ਸਰਗਰਮ ਰਾਜਨੀਤੀ ਵਿਚ ਲੈ ਆਂਦਾ ਸੀ।1948 ਵਿਚ ਉਹ ਪਹਿਲੀ ਵਾਰ ਰਿਆਸਤੀ ਅਕਾਲੀ ਦਲ ਦੇ ਸਕੱਤਰ ਬਣੇ ਸਨ।1957 ਵਿਚ ਜ਼ਿਲਾ ਅਕਾਲੀ ਦਲ ਪਟਿਆਲਾ ਦੇ ਪ੍ਰਧਾਨ ਬਣ ਗਏ ਸਨ। ਇਸ ਤੋਂ ਪਹਿਲਾਂ ਉਹ ਫਤਹਿਗੜ੍ਹ ਸਾਹਿਬ ਸਰਕਲ ਦੇ ਪ੍ਰਧਾਨ 1952 ਵਿਚ ਹੀ ਬਣ ਗਏ ਸਨ। 1959 ਵਿਚ ਉਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦੇ ਮੀਤ ਪ੍ਰਧਾਨ ਦੀ ਪਦਵੀ ਦੇ ਦਿਤੀ ਸੀ।1960 ਵਿਚ ਉਹ ਪਹਿਲੀ ਵਾਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣ ਗਏ ਸਨ ਅਤੇ ਉਸ ਤੋਂ ਪਿਛੋਂ ਆਖਰੀ ਦਮ ਤੱਕ ਲਗਾਤਾਰ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰ ਰਹੇ ਸਨ।ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਉਨ੍ਹਾਂ ਨੇ 6 ਜਨਵਰੀ, 1973 ਨੂੰ ਸੰਭਾਲੀ ਸੀ ਅਤੇ ਉਸ ਤੋਂ ਬਾਅਦ ਨਿਰੰਤਰ 25 ਸਾਲਾਂ ਲਈ ਛੋਟੇ-ਮੋਟੇ ਵਕਫੇ ਨਾਲ ਪ੍ਰਧਾਨ ਬਣਦੇ ਰਹੇ ਸਨ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਵਿਚ ਜ. ਟੌਹੜਾ ਦੀਆਂ ਪ੍ਰਾਪਤੀਆਂ ਨੂੰ ਆਪਣੇ ਆਪ ਵਿਚ ਵੱਖ ਵੱਖ ਪੱਖਾਂ ਤੋਂ ਰਿਕਾਰਡ ਹੀ ਕਹਿਣਾ ਚਾਹੀਦਾ ਹੈ।ਕੌਮੀ ਰਾਜਨੀਤੀ ਵਿਚ ਸਰਗਰਮ ਹਿੱਸਾ ਉਹ ਰਾਜ-ਸਭਾ ਅਤੇ ਲੋਕ-ਸਭਾ ਦੇ ਮੈਂਬਰ ਵਜੋਂ ਨਿਭਾਉਂਦੇ ਰਹੇ ਸਨ।ਜਥੇਦਾਰ ਟੌਹੜਾ ਬਹੁਤ ਸਾਰੀਆਂ ਵਿਦਿਅਕ ਅਤੇ ਸਮਾਜਿਕ ਸੰਸਥਾਵਾਂ ਦੇ ਵੀ ਪ੍ਰਧਾਨ ਸਨ।ਜਿਹੜੀਆਂ ਸੰਸਥਾਵਾਂ ਉਨ੍ਹਾਂ ਨੇ ਜੀਅ ਜਾਨ ਨਾਲ ਸਥਾਪਤ ਕੀਤੀਆਂ ਸਨ, ਉਨ੍ਹਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰ ਕਾਲਜ, ਫਤਹਿਗੜ੍ਹ ਸਾਹਿਬ ਇਕ ਹੈ। ਪੰਜਾਬੋਂ ਬਾਹਰ ਤਖਤ ਸ੍ਰੀ ਸੱਚਖੰਡ

ਹਜ਼ੂਰ ਸਾਹਿਬ ਬੋਰਡ, ਨਾਂਦੇੜ ਨਾਲ ਵੀ ਉਹ ਕਿਸੇ ਨਾ ਕਿਸੇ ਰੂਪ ਵਿਚ ਸਬੰਧਤ ਰਹੇ ਸਨ।ਜਥੇਦਾਰ ਟੌਹੜਾ ਨੇ ਇਹ ਸਾਰੀਆਂ ਜ਼ੁੰਮੇਵਾਰੀਆਂ ਇਹ ਸਮਝ ਕੇ ਨਿਭਾਈਆਂ ਸਨ ਕਿ ਪੰਥਕ ਸੁਰ ਵਿਚ ਮਿਲੀਆਂ ਜ਼ੁੰਮੇਵਾਰੀਆਂ, ਗੁਰੂ-ਪਾਤਸ਼ਾਹ ਦੀ ਬਖਸ਼ਿਸ਼ ਹਨ ਅਤੇ ਇਨ੍ਹਾਂ ਨੂੰ ਸੰਗਤ ਦੀਆਂ ਅਸੀਸਾਂ ਨਾਲ ਹੀ ਨਿਭਾਇਆ ਜਾ ਸਕਦਾ ਹੈ।

ਇਹ ਸਥਾਪਤ ਸੱਚ ਹੈ ਅਤੇ ਸਿੱਖਾਂ ਦੇ ਚੇਤਿਆਂ ਵਿਚ ਬਿਲਕੁਲ ਤਾਜ਼ਾ ਵੀ ਹੈ ਕਿ ਆਪਣੇ ਸਮਕਾਲੀ ਪ੍ਰਸੰਗ ਵਿਚ ਸਿੱਖ-ਧਰਮ ਅਤੇ ਖਾਲਸਾ-ਪੰਥ ਦੇ ਬਾਬਾ ਬੋਹੜ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸ਼ਖਸ਼ੀਅਤ ਵਿਚ ਗੁਰਸਿੱਖੀ ਅਤੇ ਅਕਾਲੀਅਤ ਇਕਸੁਰਤਾ ਵਿਚ ਰਮੀਆਂ ਹੋਈਆਂ ਸਨ।ਅਕਾਲੀਅਤ ਦਾ ਜੋ ਜਜ਼ਬਾ ਜਥੇਦਾਰ ਟੌਹੜਾ ਨੂੰ ਵਿਰਾਸਤ ਵਿਚ ਮਿਲਿਆ ਸੀ, ਉਸ ਨੂੰ ਸਮੇਂ ਦਾ ਹਾਣੀ ਬਨਾਉਣ ਵਿਚ ਉਨ੍ਹਾਂ ਨੂੰ ਬਹੁਤ ਘਾਲਨਾਵਾਂ ਘਾਲਣੀਆਂ ਪਈਆਂ ਸਨ।ਜਥੇਦਾਰ ਟੌਹੜਾ ਦੀ ਸ਼ਾਨ ਇਸ ਗੱਲ ਵਿਚ ਸੀ ਕਿ ਆਪਣੇ ਵਰਤਮਾਨ ਦੀ ਸਿੱਖ-ਸਿਆਸਤ ਦੀ ਧੁਰੋਹਰ ਹੋਣ ਦੇ ਬਾਵਜੂਦ, ਉਨ੍ਹਾਂ ਦਾ ਕੋਈ ਵੀ ਸਮਕਾਲੀ ਇਹ ਨਹੀਂ ਕਹਿ ਸਕਦਾ ਕਿ ਉਨ੍ਹਾਂ ਨੂੰ ਇਥੋਂ ਤੱਕ ਪਹੁੰਚਾਉਣ ਵਿਚ ਕਿਸੇ ਹੋਰ ਦਾ ਹੱਥ ਸੀ। ਉਨ੍ਹਾਂ ਦੀ ਸ਼ਖਸੀਅਤ ਦਾ ਚਤ੍ਰਤ-ਵਿਕਾਸ ਗੁਰੂ ਮਿਹਰ ਨਾਲ ਜੋੜਕੇ ਵੇਖੇ ਬਿਨਾਂ ਸਮਝਿਆ ਹੀ ਨਹੀਂ ਜਾ ਸਕਦਾ।ਸੋ ਕਿਹਾ ਜਾ ਸਕਦਾ ਹੈ ਕਿ ਜਥੇਦਾਰ ਟੌਹੜਾ ਜੋ ਨਜ਼ਰ ਆਉਂਦੇ ਸਨ, ਉਸ ਨਾਲੋਂ ਕਿਤੇ ਵੱਧ ਸਮਰਥਾ ਦੇ ਉਹ ਮਾਲਕ ਸਨ।ਉਨ੍ਹਾਂ ਦੀ ਇਸ ਸਮਰਥਾ ਦਾ ਕੌਮ ਨੇ ਉਨਾ ਲਾਭ ਨਹੀਂ ਉਠਾਇਆ, ਜਿੰਨਾ ਉਠਾਇਆ ਜਾ ਸਕਦਾ ਸੀ।ਇਹ ਵੱਖਰਾ ਮਸਲਾ ਹੈ ਕਿ ਉਨ੍ਹਾਂ ਦੀ ਪੰਥਕ-ਸਮਰਥਾ ਅਤੇ ਮਿਲੇ ਹੋਏ ਪੰਥਕ-ਅਵਸਰ ਇਕਸੁਰਤਾ ਵਿਚ ਕਿਉਂ ਨਹੀਂ ਨਿਭ ਸਕੇ? ਪਰ ਇਹ ਸੱਚ ਤਾਂ ਸਾਰਿਆਂ ਦੇ ਸਾਹਮਣੇ ਆ ਚੁੱਕਾ ਹੈ ਕਿ ਉਨ੍ਹਾਂ ਦੀ ਸਖਸ਼ੀਅਤ ਦੇ ਸੇਕ ਨਾਲ ਵਿਰੋਧੀ ਭਾਵਨਾਵਾਂ ਵੀ ਪਿਘਲਕੇ ਇਕਸੁਰ ਹੋ ਜਾਂਦੀਆਂ ਰਹੀਆਂ ਹਨ।ਉਨ੍ਹਾਂ ਦੀ ਮਕਬੂਲੀਅਤ ਦਾ ਭੇਦ ਇਸੇ ਸੱਚ ਵਿਚ ਛੁਪਿਆ ਹੋਇਆ ਸੀ।

ਸਾਧਾਰਨ ਪੇਂਡੂ ਮਾਪਿਆਂ ਦੇ ਅਸਾਧਾਰਨ ਪੁੱਤਰ ਜਥੇਦਾਰ ਟੌਹੜਾ ਆਪਣੀ ਸਖਸ਼ੀਅਤ, ਵਿਵਹਾਰ ਅਤੇ ਨੈਤਿਕਤਾ ਦਾ ਸਿੱਕਾ ਆਪਣੇ ਜਿਊਂਦੇ ਜੀਅ ਆਪਣਿਆਂ ਅਤੇ ਹਿਮੈਤੀਆਂ ਦੇ ਨਾਲ ਨਾਲ, ਵਿਰੋਧੀਆਂ ਤੋਂ ਵੀ ਮੰਨਵਾ ਚੁੱਕੇ ਸਨ।ਇਸ ਦੇ ਬਾਵਜੂਦ ਉਹ ਕਦੇ ਆਪਣੀਆਂ ਜੜ੍ਹਾਂ ਨਾਲੋਂ ਨਹੀਂ ਟੁੱਟੇ ਸਨ ਅਤੇ ਏਸੇ ਕਰਕੇ ਉਨ੍ਹਾਂ ਨੂੰ ਸਿੱਖੀ, ਸਿੱਖ-ਸਿਆਸਤ ਅਤੇ ਸਿੱਖ-ਪਛਾਣ ਵਿਚ ਫਰਕ ਕਰਣ ਦੀ ਕਦੇ ਲੋੜ ਹੀ ਮਹਿਸੂਸ ਨਹੀਂ ਹੋਈ ਸੀ।ਇਸ ਤਰ੍ਹਾਂ ਜਥੇਦਾਰ ਟੌਹੜਾ, ਖਾਲਸਾ ਪੰਥ ਦੇ ਰੀਸ ਕਰਣ ਯੋਗ ਲੀਡਰ ਹੋ ਗਏ ਸਨ।ਜਥੇਦਾਰ ਟੌਹੜਾ ਦੀ ਬਜ਼ੁਰਗੀ ਨੂੰ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦੀ ਅਹੁਦੇਦਾਰੀ ਦਾ ਕੋਈ ਬੰਧਨ ਵੀ ਨਹੀਂ ਸੀ।ਏਸੇ ਲਈ ਅਕਾਲੀ, ਸਿਆਸੀ ਪ੍ਰਸੰਗ ਵਿਚ ਤਾਕਤ ਵਿਚ ਹੋਣ ਜਾਂ ਤਾਕਤ ਤੋਂ ਬਾਹਰ ਹੋਣ, ਜਥੇਦਾਰ ਟੌਹੜਾ ਦੀ ਸਿਰਦਾਰੀ ਹਰ ਤਰ੍ਹਾਂ ਸਥਾਪਤ ਰਹਿੰਦੀ ਸੀ।ਖੇਤਰੀ ਸਿਆਸਤ ਦਾ ਜੇ ਅਕਾਲੀ ਦਲ ਨੂੰ ਮੋਢੀ ਮੰਨਿਆ ਜਾਵੇ ਤਾਂ ਜਥੇਦਾਰ ਟੌਹੜਾ ਨਿਰਸੰਦੇਹ ਇਸ ਦੇ ਘਾੜਿਆਂ ਵਿਚੋਂ ਗਿਣੇ ਜਾ ਸਕਦੇ ਸਨ।ਅਕਾਲੀ ਦਲ ਦਾ ਪ੍ਰਧਾਨ ਭਾਵੇਂ ਕੋਈ ਹੋਵੇ, ਅਕਾਲੀ ਦਲ ਵਲੋਂ ਲੜੀਆਂ ਗਈਆਂ ਸਿਆਸੀ ਜੰਗਾਂ ਵਿਚ ਕੇਂਦਰੀ ਭੂਮਿਕਾ ਜਥੇਦਾਰ ਟੌਹੜਾ ਦੀ ਹੀ ਰਹਿੰਦੀ ਸੀ।ਉਹ ਪਰੰਪਰਕ ਸਿੱਖ-ਸ਼ੈਲੀ ਵਿਚ ਧਰਮ ਅਤੇ ਸਿਆਸਤ ਦੀ ਸੰਤੁਲਤ ਵਰਤੋਂ ਕਰਦੇ ਰਹੇ ਸਨ।ਰਸੀ ਹੋਈ ਸਿਆਸੀ ਚੇਤਨਾ ਦੇ ਮੁਜੱਸਮੇ ਜਥੇਦਾਰ ਟੌਹੜਾ, ਪੰਜਾਬ ਅਤੇ ਪੰਜਾਬੀਅਤ ਦੇ ਪੰਥਕ ਰੰਗ ਵਿਚ ਰੰਗੇ ਹੋਏ ਸਿਆਸੀ ਮੁੱਦਿਆਂ ਦਾ ਕੌਮੀ ਪ੍ਰਸੰਗ ਉਭਾਰਦੇ ਰਹੇ ਸਨ।ਉਨ੍ਹਾਂ ਨੇ ਜਿਊਂਦੇ ਜੀਅ ਅਕਾਲੀ ਦਲ ਦੀਆਂ ਵੰਗਾਰਾਂ ਅਤੇ ਦੁਸ਼ਵਾਰੀਆਂ ਨੂੰ ਮੁੱਦਿਆਂ ਦੀ ਸਿਆਸਤ ਵਿਚ ਬਦਲਣ ਦੀ ਭੂਮਿਕਾ ਨਿਭਾਈ ਸੀ।ਇਹੋ ਜਿਹੀ ਸਥਿਤੀ ਵਿਚ ਉਹ ਧਾਰਮਿਕ ਪਰਪੱਕਤਾ ਅਤੇ ਕੌਮੀ ਪ੍ਰਤੀਬੱਧਤਾ ਨਾਲ ਨਿਭਦੇ ਰਹੇ ਸਨ।ਨੰਗੇ ਪਿੰਡੇ ਮੁਹਿੰਮਾਂ ਸਰ ਕਰਣ ਦੀ ਜੋ ਅਕਾਲੀ ਸਾਖ ਜਥੇਦਾਰ ਟੌਹੜਾ ਨੇ ਕਾਇਮ ਕੀਤੀ ਸੀ, ਉਸ ਦੀ ਕਦਰ ਉਸ ਦੇ ਸਾਥੀਆਂ ਨੇ ਕਦੇ ਉਸ ਤਰ੍ਹਾਂ ਨਹੀਂ ਪਾਈ ਸੀ, ਜਿਸ ਤਰ੍ਹਾਂ ਪੈਣੀ ਚਾਹੀਦੀ ਸੀ।ਉਹ ਗਲ ਪਈਆਂ ਲੜਾਈਆਂ ਸਦਾ ਹੀ ਗੁਰੂ ਵਲ ਮੂੰਹ ਕਰਕੇ ਲੜਦੇ ਰਹੇ ਸਨ ਅਤੇ ਸਿਆਸੀ ਸੂਰਮੇ ਵਾਂਗ ਜਿੱਤਾਂ ਅਤੇ ਹਾਰਾਂ ਨਾਲ ਜੂਝਦੇ ਹੋਏ ਵਿਚਰਦੇ ਰਹੇ ਸਨ।ਜਥੇਦਾਰ ਟੌਹੜਾ ਨੂੰ ਨੇੜਿਉਂ ਜਾਨਣ ਵਾਲੇ ਜਾਣਦੇ ਹਨ ਕਿ ਉਹ ਕੰਡਿਆਲੇ ਰਾਹਾਂ ਤੇ ਨੰਗੇ ਪੈਰੀਂ ਤੁਰਨ ਵਾਲਾ ਪੰਥਕ-ਪਾਂਧੀ ਸੀ। ਇਸ ਕਰਕੇ ਉਨ੍ਹਾਂ ਬਾਰੇ ਜੇ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਸਮਕਾਲੀ ਸਿਆਸੀ ਪਾਰਟੀਆਂ ਦੇ ਪ੍ਰਸੰਗ ਵਿਚ ਇਸਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ ਕਿ ਜਥੇਦਾਰ ਟੌਹੜਾ ਨੂੰ ਇਹ ਤਾਂ ਪਤਾ ਸੀ ਕਿ ਉਨ੍ਹਾਂ ਦਾ ਵਾਹ ਪੁੱਠੀਆਂ ਸਮਝਾਂ ਵਾਲਿਆਂ ਨਾਲ ਪੈ ਗਿਆ ਹੈ ਅਤੇ ਬਿਨਾਂ ਜੁਰਮ ਤੋਂ ਸਜ਼ਾ ਭੁਗਤਨ ਦੇ ਉਹ ਏਸੇ ਕਰਕੇ ਆਦੀ ਹੋ ਗਏ ਸਨ।ਉਨ੍ਹਾਂ ਦੇ ਹਰ ਨੁਕਸਾਨ ਦਾ ਅਕਾਲੀ ਦਲ ਨੂੰ ਸਦਾ ਹੀ ਫਾਇਦਾ ਹੁੰਦਾ ਰਿਹਾ ਸੀ। ਕੁਲ ਮਿਲਾਕੇ ਕਹਿ ਸਕਦੇ ਹਾਂ ਕਿ ਫੈਸਲਾਕੁਨ ਸਿਆਸੀ ਫੈਸਲਿਆਂ ਵਿਚ ਜਥੇਦਾਰ ਟੌਹੜਾ ਹਮੇਸ਼ਾਂ ਹੀ ਹਰ ਮੈਦਾਨ ਵਿਚ ਕੇਂਦਰੀ ਭੂਮਿਕਾ ਨਿਭਾਉਂਦੇ ਰਹੇ ਸਨ।

ਭਾਰਤੀ ਸਿਆਸਤ ਵਿਚ ਅਕਾਲੀ ਸਿਆਸਤ ਦੀ ਭੂਮਿਕਾ ਨੂੰ ਖੇਤਰੀ ਹੱਦਾਂ ਤੋਂ ਮੁਕਤ ਕਰਕੇ ਕੌਮੀ ਰੰਗ ਵਿਚ ਰੰਗਣ ਦੇ ਲੇਖੇ ਜੋਖੇ ਵਿਚੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪਾਸੇ ਨਹੀਂ ਰਖਿਆ ਜਾ ਸਕਦਾ, ਕਿਉਂਕਿ ਸਿੱਖ-ਸਿਆਸਤ ਦੀਆਂ ਵਾਗਾਂ ਮੋੜਨ ਦੀ ਜੋ ਸ਼ਾਹਸਵਾਰੀ ਜਥੇਦਾਰ ਟੌਹੜਾ ਨੇ ਕਰ ਵਿਖਾਈ ਸੀ, ਉਸਦਾ ਉਸ ਦੇ ਸਮਕਾਲੀਆਂ ਵਿਚੋਂ ਕੋਈ ਹੋਰ ਸਿੱਖ ਸਿਆਸਤਦਾਨ ਸਾਨੀ ਨਜ਼ਰ ਨਹੀਂ ਆਉਂਦਾ।ਉਨ੍ਹਾਂ ਦੀ ਹਯਾਤੀ ਵਿਚ ਪੰਜਾਬ ਦੀ ਸਿਆਸਤ ਉਨ੍ਹਾਂ ਦੇ ਦੁਆਲੇ ਘੁੰਮਦੀ ਰਹੀ ਸੀ।ਵਿਵਾਦਾਂ ਦੇ ਘੇਰੇ ਵਿਚ ਅਡੋਲ ਵਿਚਰਦੇ ਜਥੇਦਾਰ ਟੌਹੜਾ ਲਗਾਤਾਰ ਨਿਖਰਦੇ ਰਹਿੰਦੇ ਸਨ।ਜਿਵੇਂ ਜਿਵੇਂ ਉਨ੍ਹਾਂ ਨੂੰ ਪੰਜਾਬ ਦੀ ਸਿਆਸਤ ਤੋਂ ਲਾਂਭੇ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਸੀ, ਤਿਵੇਂ ਤਿਵੇਂ ਉਹ ਆਪਣਿਆਂ ਅਤੇ ਬੇਗਾਨਿਆਂ ਲਈ ਹੋਰ ਵਧੇਰੇ ਸਿਆਸੀ ਲੋੜ ਜਾਂ ਸਿਆਸੀ ਮਜਬੂਰੀ ਹੁੰਦੇ ਰਹੇ ਸਨ। ਸਿੱਖ ਸਿਆਸਤਦਾਨਾਂ ਦੀ ਗੁਆਚੀ ਹੋਈ ਭਰੋਸੇਯੋਗਤਾ ਵਿਚ ਜਥੇਦਾਰ ਟੌਹੜਾ ਬਹੁਤ ਯਾਦ ਆਉਂਦੇ ਰਹਿਣੇ ਹਨ।ਸਮਕਾਲੀ ਸਥਿਤੀ ਵਿਚ ਜਥੇਦਾਰ ਟੌਹੜਾ ਨੂੰ ਅਕਾਲੀਆਂ ਦਾ ਮਹਾਤਮਾ ਗਾਂਧੀ ਵੀ ਆਖਿਆ ਜਾ ਸਕਦਾ ਸੀ, ਪਰ ਉਹ ਗਾਂਧੀਅਨ ਸਿਆਸਤ ਦੇ ਪ੍ਰਸੰਸਕ ਕਦੇ ਵੀ ਨਹੀਂ ਸਨ।ਉਨ੍ਹਾਂ ਦੀ ਬਰਸੀਆਂ ਤੇ ਵੀ ਇਹੀ ਕਹਿਣ ਨੂੰ ਜੀਅ ਕਰਦਾ ਰਿਹਾ ਹੈ ਕਿ ਸਿਖ-ਕੌਮ ਨੂੰ ਜਿਊਂਦਿਆਂ ਦਾ ਮੁੱਲ ਪਾਉਣ ਵਾਲੇ ਪਾਸੇ ਤੁਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਮੜ੍ਹੀਆਂ ਤੇ ਮੇਲੇ ਲਾਉਣ ਦੀ ਸਿਆਸਤ ਤੋਂ ਗੁਰੇਜ਼ ਕਰਣਾ ਚਾਹੀਦਾ ਹੈ।ਜਥੇਦਾਰ ਟੌਹੜਾ ਦੀ ਸ਼ਖਸੀਅਤ ਦੇ ਕਿਸੇ ਵੀ ਪੱਖ ਨੂੰ ਧਿਆਨ ਵਿਚ ਰੱਖਿਆਂ ਇਹ ਸਮਝ ਆ ਜਾਂਦਾ ਹੈ ਕਿ ਉਸਦੀ ਸੰਭਾਲ ਸਿਖ ਭਾਈਚਾਰੇ ਲਈ ਖਾਸ ਕਰਕੇ ਅਤੇ ਪੰਜਾਬੀਆਂ ਤੇ ਬਾਕੀਆਂ ਲਈ ਆਮ ਕਰਕੇ ਸਿਖਿਆਦਾਇਕ ਹੋ ਸਕਦੀ ਹੈ।ਜਥੇਦਾਰ ਟੌਹੜਾ ਦੀ ਸਿਆਸੀ ਮਲੰਗੀ ਦਾ ਆਲਮ ਇਹ ਸੀ ਕਿ ਉਹ ਆਪਣੇ ਆਪ ਤੋਂ ਵੀ ਸੰਗਦੇ ਰਹਿੰਦੇ ਸਨ ਅਤੇ ਉਹ ਜਥੇਦਾਰ ਟੌਹੜਾ ਹੋ ਜਾਣ ਦੀ ਖੁਸ਼ੀ ਅਤੇ ਉਦਾਸੀ ਨਾਲ ਸੰਤੁਸ਼ਟ ਹੋਣ ਦੀ ਕੋਸ਼ਿਸ਼ ਕਰਦੇ ਰਹੇ ਸਨ।ਉਨ੍ਹਾਂ ਦੀ ਛਾਂ ਵਿਚ ਬੇਸ਼ਕ ਉਨ੍ਹਾਂ ਦਾ ਬਦਲ ਪੈਦਾ ਨਹੀਂ ਹੋ ਸਕਿਆ ਸੀ ਕਿਉਂਕਿ ਉਨ੍ਹਾਂ ਨੇ ਅੰਮ੍ਰਿਤ-ਵਿਹੂਣੇ ਅਕਾਲੀਆਂ ਦੀ ਕਲਪਨਾ ਕਰਣ ਤੋਂ ਵੀ ਇਨਕਾਰ ਕੀਤਾ ਹੋਇਆ ਸੀ।ਉਹ ਧਰਮ ਅਤੇ ਸਿਆਸਤ ਦੀ ਇਕਸੁਰਤਾ ਦੇ ਮੁਦਈ ਸਨ।ਪਰ ਧਰਮ ਨੂੰ ਸਿਆਸਤ ਲਈ ਵਰਤਣ ਨੂੰ ਉਹ ਨਹੀਂ ਰੋਕ ਸਕੇ ਸਨ।ਸਿਆਸਤ ਵਿਚ ਉਹ ਅਭਿਮੰਨੂ ਵਾਂਗ ਖਾਲੀ ਹੱਥ ਵਿਰੋਧੀਆਂ ਵਿਚ ਘਿਰੇ ਹੋਏ ਵੀ ਲਗਣ ਲਗ ਪੈਂਦੇ ਸਨ।ਇਹੋ ਜਿਹੇ ਵੇਲੇ ਉਹ ਚੁੱਪ ਨਾਲ ਪਛਾੜਣ ਦੇ ਸਿਆਸੀ ਹਥਿਆਰ ਦੀ ਵਰਤੋਂ ਬਾਖੂਬੀ ਕਰਦੇ ਰਹਿੰਦੇ ਸਨ।ਇਹੋ ਜਿਹੀਆਂ ਗੱਲਾਂ ਕਰਕੇ ਹੀ ਉਹ ਬਹੁਤ ਯਾਦ ਆਉਂਦੇ ਹਨ ਅਤੇ ਬਹੁਤ ਯਾਦ ਆਉਂਦੇ ਰਹਿਣਗੇ।

ਇਸ ਮੁਢਲੀ ਜਾਣਕਾਰੀ ਦੇ ਹਵਾਲੇ ਨਾਲ ਉਨ੍ਹਾਂ ਦਾ ਵਿਦਿਅਕ ਸੰਸਥਾਵਾਂ ਨਾਲ ਸਬੰਧ ਨੂੰ ਵੀ ਸਮਝਿਆ ਜਾ ਸਕਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਦੀਆਂ ਜੜ੍ਹਾਂ ਪੰਜਾਬੀ ਨੂੰ ਫੈਲਾਉਣ ਦੀਆਂ ਸਿਆਸੀ ਕੋਸ਼ਿਸ਼ਾਂ ਵਿਚ ਲਗੀਆਂ ਹੋਈਆਂ ਹਨ।ਇਸ ਲਈ ਇਸ ਯੂਨੀਵਰਸਿਟੀ ਦੇ ਸੰਕਲਪਨ ਤੋਂ ਪ੍ਰਗਟਾਵੇ ਤਕ, ਸਿੱਖ-ਸਿਆਸਤ ਦੀ ਸਿੱਧੀ ਜਾਂ ਅਸਿੱਧੀ ਅਹਿਮ ਭੂਮਿਕਾ ਰਹੀ ਹੈ।ਇਸ ਨਾਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਇਸ ਅਕਾਦਮਿਕ ਸੰਸਥਾ ਨਾਲ ਅਪਣੱਤ ਵਾਲਾ ਰਿਸ਼ਤਾ ਕਾਇਮ ਹੋ ਗਿਆ ਸੀ।ਮਰਹੂਮ ਟੌਹੜਾ ਸਾਹਿਬ ਪੰਜਾਬੀ-ਮਾਨਸਿਕਤਾ ਵਿਚ ਆਮ ਕਰਕੇ ਅਤੇ ਸਿੱਖ-ਮਾਨਸਿਕਤਾ ਵਿਚ ਖਾਸ ਕਰਕੇ, ਏਨੇ ਡੂੰਘੇ ਉਤਰੇ ਹੋਏ ਹਨ ਕਿ ਉਹ ਸਾਡੇ ਵਿਚਕਾਰ ਨ ਹੋਣ ਦੇ ਬਾਵਜੂਦ ਵੀ, ਬਿਲਕੁਲ ਗੈਰ ਹਾਜ਼ਰ ਨਹੀਂ ਲਗਦੇ।ਇਹ ਗਲ ਮੈਂ ਇਸ ਆਧਾਰ ਤੇ ਕਹਿ ਰਿਹਾ ਹਾਂ ਕਿਉਂਕਿ ਸਾਡੇ ਵਿਚੋਂ ਬਹੁਤਿਆਂ ਕੋਲ ਉਹਨਾਂ ਬਾਰੇ ਆਪੋ ਆਪਣੀਆਂ ਯਾਦਾਂ ਦੇ ਆਧਾਰ ਤੇ ਕੁਝ ਨ ਕੁਝ ਕਹਿਣ ਵਾਸਤੇ ਹੈ।ਟੌਹੜਾ ਸਾਹਿਬ ਬਾਰੇ ਲਿਖਣ ਲਗਿਆਂ ਮੈਂ ਆਪਣੇ ਆਪ ਨੂੰ ਸਵਾਲ ਕਰਦਾ ਰਿਹਾ ਹਾਂ ਕਿ ਜੇ ਕੋਈ ਪੁੱਛੇ ਕਿ ਟੌਹੜਾ ਸਾਹਿਬ ਆਮ ਆਦਮੀ ਲਈ ਕੀ ਸਨ, ਤਾਂ ਮੈਂ ਕੀ ਜਵਾਬ ਦਿਆਂਗਾ? ਮੈਨੂੰ ਇਹੀ ਲਗਿਆ ਕਿ ਉਹਨਾਂ ਵਰਗੇ ਹਜ਼ਾਰ ਪਹਿਲੂਆਂ ਵਾਲੇ ਇਨਸਾਨ ਬਾਰੇ ਇਕ-ਪਰਤੀ ਰਾਏ ਕਿਵੇਂ ਬਨਾਈ ਜਾ ਸਕਦੀ ਹੈ।ਪਰ ਉਹਨਾਂ ਦੀ ਵਡੀ ਸ਼ਖਸ਼ੀਅਤ ਦੇ ਭੇਦ ਨੂੰ ਸਮਝਣ ਦਾ ਯਤਨ ਤਾਂ ਕੀਤਾ ਹੀ ਜਾ ਸਕਦਾ ਹੈ।ਉਹਨਾਂ ਦੀ ਵਡੀ ਸ਼ਖਸ਼ੀਅਤ ਦਾ ਭੇਦ ਉਹਨਾਂ ਦੇ ਮਿਕਨਾਤੀਸੀ-ਸੁਭਾ ਵਿਚ ਸੀ।ਇਸ ਨੂੰ ਪੱਤਰਕਾਰਾਂ ਨੇ ਇਸ ਤਰ੍ਹਾਂ ਫੜਣ ਦੀ ਕੋਸ਼ਿਸ਼ ਕੀਤੀ ਸੀ ਕਿ 'ਉਹ ਬੋਲਦੇ ਹਨ ਤਾਂ ਖਬਰ ਬਣਦੀ ਹੈ।ਜਦੋਂ ਚੁੱਪ ਰਹਿੰਦੇ ਹਨ ਤਾਂ ਖਬਰਾਂ ਬਣਦੀਆਂ ਹਨ'।ਉਹਨਾਂ ਨੂੰ ਉਹਨਾਂ ਬਾਰੇ ਪ੍ਰਾਪਤ ਤੱਥਾਂ ਵਿਚ ਬੰਨ੍ਹਣਾ ਸੌਖਾ ਨਹੀਂ ਹੈ।ਇਸ ਦਾ ਭੇਦ, ਉਹਨਾਂ ਦੀ ਪੇਂਡੂ ਪੁੱਠ ਵਾਲੀ ਸ਼ਾਇਰਾਨਾਂ-ਤਬੀਅਤ ਵਿਚ ਨਿਹਿਤ ਸੀ।ਏਸੇ ਲਈ ਜਿਸ ਖੇਤਰ ਵਿਚ ਵੀ ਉਹਨਾਂ ਨੇ ਕੋਈ ਵੀ ਭੂਮਿਕਾ ਨਿਭਾਈ ਸੀ, ਉਸ ਨੂੰ ਉਹਨਾਂ ਨੇ ਇਸ ਤਰ੍ਹਾਂ ਰੂਹ ਨਾਲ ਨਿਭਾਇਆ ਸੀ ਕਿ ਉਹ ਉਹਨਾਂ ਦੇ ਕਾਵਿਕ-ਰੰਗ ਵਿਚ ਰੰਗੀਚਕੇ ਹੁਸੀਨ ਹੋ ਗਈ ਸੀ।ਉਹਨਾਂ ਦੀ ਕਾਵਿਕ-ਮਲੰਗੀ ਨੂੰ ਹੰਢਾਇਆ ਤਾਂ ਜਾ ਸਕਦਾ ਸੀ,

ਰੋਕਿਆ ਨਹੀਂ ਜਾ ਸਕਦਾ ਸੀ।ਜਿਹੜੇ ਇਸ ਕਾਵਿਕ-ਮਲੰਗੀ ਨੂੰ ਰੋਕਣ ਵਿਚ ਫਿਹਲ ਹੋ ਜਾਂਦੇ ਸਨ, ਉਹ ਉਹਨਾਂ ਨੂੰ ਬਰੇਕਾਂ ਲਾਉਣ ਦੇ ਜੋੜ ਤੋੜ ਵਿਚ ਪਏ ਰਹਿੰਦੇ ਸਨ।ਇਸ ਨਾਤੇ ਉਹਨਾਂ ਦੀ ਸਪੀਡ ਤਾਂ ਘਟਦੀ ਵਧਦੀ ਰਹਿੰਦੀ ਸੀ, ਪਰ ਉਹ ਲਗਾਤਾਰ ਤੁਰਦੇ ਵੀ ਰਹੇ ਸਨ ਅਤੇ ਦਿਤੀਆਂ ਹੋਈਆਂ ਪ੍ਰਸਥਿਤੀਆਂ ਨੂੰ ਪ੍ਰਭਾਵਿਤ ਵੀ ਕਰਦੇ ਰਹੇ ਸਨ।ਪੰਥਕ ਹਲਕਿਆਂ ਵਿਚ ਜਦੋਂ ਵੀ ਖਤਰਿਆਂ ਦੀ ਕਿਸੇ ਵੀ ਪਰਤ ਦੀ ਗਲ ਚਲਦੀ ਰਹੇਗੀ ਤਾਂ ਉਹ 'ਖਤਰਿਆਂ ਦੇ ਸਫਲ ਖਿਲਾੜੀ' ਵਾਂਗ ਲੰਬਾ ਸਮਾਂ ਚੇਤੇ ਕੀਤੇ ਜਾਂਦੇ ਰਹਿਣਗੇ।

ਆਪਣੇ ਪੰਥਕ ਸੁਭਾ ਕਰਕੇ ਸਿੱਖ ਧਰਮ ਦੀ ਸਮਝ, ਪਰਚਾਰ ਅਤੇ ਪਰਸਾਰ ਨਾਲ ਜੁੜੀ ਹੋਈ ਕਿਸੇ ਵੀ ਵਿਧਾ ਨਾਲ ਉਹ ਸਿਧੇ ਜੁੜੇ ਰਹਿੰਦੇ ਸਨ।ਗੁਰਮਤਿ ਸੰਗੀਤ ਨਾਲ ਤਾਂ ਉਹ ਹੋਰ ਵੀ ਨੇੜਿਉਂ ਜੁੜੇ ਹੋਏ ਸਨ।ਇਸ ਦਾ ਸਬੂਤ ਉਹਨਾਂ ਦਾ ਉਹ ਭਾਸ਼ਣ ਵੀ ਹੈ ਜਿਹੜਾ ਉਹਨਾਂ ਨੇ 2003 ਵਾਲੇ ਗੁਰਮਤਿ ਸੰਗੀਤ ਸੰਮੇਲਨ ਵਿਚ ਸਾਡੇ ਸਭ ਨਾਲ ਸਾਂਝਾ ਕੀਤਾ ਸੀ।ਗੁਰਮਤਿ ਸੰਗੀਤ ਉਹਨਾਂ ਵਾਸਤੇ ਕੇਵਲ ਮਾਤਰ ਸ਼ੌਕ ਨਹੀਂ ਸੀ, ਸਗੋਂ ਗੁਰੂ-ਮਿਹਰ ਤਕ ਪਹੁੰਚਣ ਲਈ, ਗੁਰੂ ਸਾਹਿਬਾਨ ਵਲੋਂ ਬਖਸ਼ਿਆ ਹੋਇਆ ਸਮਰਥ ਸਿੱਖ-ਮਾਧਿਅਮ ਸੀ।ਤੁਰੇ ਉਹ ਸੰਗੀਤ ਦੇ ਮਾਰਗ ਤੇ ਹੀ ਸਨ, ਪਰ ਪਹੁੰਚ ਗਏ ਸਨ ਸਿਆਸਤ ਦੇ ਤਲਿੱਸਮੀ-ਖੇਤਰ ਵਿਚ। ਸਿੱਖ-ਸਿਆਸਤ ਵਿਚ ਵੀ ਉਹ ਉਵੇਂ ਹੀ ਨਿਰਲੇਪ ਨਜ਼ਰ ਆਉਂਦੇ ਰਹੇ ਸਨ ਜਿਵੇਂ ਚਿੱਕੜ ਵਿਚ ਕੰਵਲ, ਨਿਰਲੇਪ ਰਹਿੰਦਾ ਹੈ। ਜਿਸ ਬੜਕ ਨਾਲ ਉਹ ਸਿਆਸਤ ਦੇ ਮਾਰਗ ਤੇ ਤੁਰਦੇ ਰਹੇ ਸਨ, ਉਸ ਦੀ ਸਮਝ ਵਿਚੋਂ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ।ਖਤਰਿਆਂ ਦੇ ਜੰਗਲ ਵਿਚੋਂ ਨਿਕਲ ਜਾਣ ਵਾਸਤੇ ਲੋੜੀਂਦੀ ਸਹਿਜ-ਕਲਾਕਾਰੀ ਦੇ ਉਹ ਉਸਤਾਦ ਹੋ ਗਏ ਸਨ।ਉਹਨਾਂ ਦਾ ਤਪ ਤੇਜ ਹੀ ਕਦੇ ਕਦੇ ਉਹਨਾਂ ਨੂੰ ਖਤਰਿਆਂ ਵਲ ਧੱਕੀ ਰਖਦਾ ਸੀ।ਪਰ ਜਿਸ ਸੁਤੇ-ਅਦਾਅ ਨਾਲ ਉਹ ਕਿਸੇ ਵੀ ਖਤਰੇ ਵਿਚੋਂ ਨਿਕਲ ਜਾਂਦੇ ਸਨ, ਉਸ ਦੇ ਮਾਲਕ ਉਹ ਆਪ ਹੀ ਸਨ।ਉਹਨਾਂ ਦੀਆਂ ਛੋਟੀਆਂ ਛੋਟੀਆਂ ਗਲਾਂ ਵਿਚ ਵਡੱਪਣ ਅਤੇ ਵਡੀਆਂ ਵਡੀਆਂ ਗਲਾਂ ਵਿਚ ਛੋਟਪਣ, ਉਹਨਾਂ ਨੂੰ ਆਮ ਆਦਮੀ ਦੇ ਨੇੜੇ ਰਖਦਾ ਸੀ।ਇਸ ਸਭ ਕੁਝ ਨੂੰ ਸੰਖੇਪ ਵਿਚ ਕਹਿਣਾ ਹੋਵੇ ਤਾਂ ਕਹਿਣਾ ਚਾਹਾਂਗਾ ਕਿ 'ਕਿਥੋਂ ਲਿਆਈਏ ਲਭਕੇ ਟੌਹੜਾ ਸਾਹਿਬ ਇਕ ਹੋਰ'।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਯਾਦ ਕਰਦਿਆਂ ਵੀਹਵੀਂ ਸਦੀ ਦੀ ਸਿੱਖ-ਸਿਆਸਤ ਅਤੇ ਸਿੱਖਾਂ ਦੀ ਪੰਥਕ-ਹੋਣੀ ਦੇ ਸਨਮੁਖ ਹੋ ਜਾਈਦਾ ਹੈ।ਉਹਨਾਂ ਦਾ ਅਤੇ ਗੁਰਦੁਆਰਿਆਂ ਦੀ ਮੁਕਤੀ-ਪ੍ਰਤੀਨਿਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਲਗਭਗ ਇਕਠਿਆਂ ਹੀ ਹੋਇਆਂ ਸੀ।ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੀ ਉਹਨਾਂ ਨੇ ਹੁਣ ਤਕ ਹੋਏ ਪ੍ਰਧਾਨਾਂ ਵਿਚੋਂ ਸਭ ਨਾਲੋਂ ਵਧ ਸਾਲ ਕੀਤੀ ਸੀ ਅਤੇ ਪ੍ਰਧਾਨ ਵਜੋਂ ਹੀ ਉਹਨਾਂ ਨੇ ਆਖਰੀ ਫਤਿਹ ਬੁਲਾਈ ਸੀ।ਉਹ ਲੀਡਰ ਜੰਮੇ ਨਹੀਂ ਸਨ ਸਗੋਂ ਲੀਡਰ ਬਣ ਗਏ ਸਨ।ਪਰ ਉਹਨਾਂ ਦੇ ਵੇਖਦਿਆਂ ਵੇਖਦਿਆਂ ਸਮਕਾਲੀ ਸਿਆਸੀ ਖੇਤਰ ਵਿਚ ਲੀਡਰ ਬਨਣ ਦੀ ਥਾਂ ਲੀਡਰ ਜੰਮਣ ਵੀ ਲਗ ਪਏ ਸਨ ਅਤੇ ਇਸ ਨਾਲ ਲੀਡਰਸ਼ਿਪ ਲਈ ਲੋੜੀਂਦੇ ਸਿਆਸੀ-ਗੁਣਾਂ ਤੋਂ ਸਿਆਸੀ-ਲੀਡਰ ਮਹਿਰੂਮ ਵੀ ਹੋਣੇ ਸ਼ੁਰੂ ਹੋ ਗਏ ਸਨ।ਉਹ ਸਿੱਖ ਕੌਮ ਦੇ ਭੀਸ਼ਮ ਪਿਤਾਮਾ ਸਨ ਕਿਉਂਕਿ ਦ੍ਰਸ਼ਟਾ ਵਾਂਗ ਉਹ ਸਭ ਕੁਝ ਵੇਖਦੇ ਰਹੇ ਸਨ ਅਤੇ ਹੰਢਾਉਂਦੇ ਵੀ ਰਹੇ ਸਨ, ਪਰ ਲੋੜੀਂਦੇ ਮੁਤਾਬਿਕ ਬਹੁਤਾ ਕੁਝ ਕਰ ਨਹੀਂ ਸਕੇ ਸਨ।ਫਿਰ ਵੀ ਮੌਕਾ ਮਿਲਦਿਆਂ ਹੀ ਉਹ ਪੰਥਕ ਸਿਆਸਤ ਵਿਚ ਦਿਲਚਸਪੀ ਲੈਣ ਵਾਲਿਆਂ ਨੂੰ ਦਸਿਆ ਕਰਦੇ ਸਨ ਕਿ ਬਲਦਾਂ ਨਾਲ ਪਹਿਰ ਦੇ ਤੜਕੇ ਹਲ ਵਾਹਕੇ, ਵੀਹ ਪੰਝੀ ਮੀਲਾਂ ਦੇ ਘੇਰੇ ਵਿਚ ਹੋਣ ਵਾਲੀਆਂ ਅਕਾਲੀ ਕਾਨਫ੍ਰੰਸਾਂ ਵਿਚ ਲਗਾਤਾਰ ਉਹ ਹਿੱਸਾ ਲੈਂਦੇ ਰਹੇ ਸਨ।ਉਹਨਾਂ ਦੀ ਇਸ ਗਲ ਨਾਲ ਇਹ ਸਚਾਈ ਸਾਹਮਣੇ ਆ ਜਾਂਦੀ ਹੈ ਕਿ ਪੰਥਕ ਅਤੇ ਅਕਾਲੀ ਸਿਆਸਤ ਵਿਚ ਜਿਹੜਾ ਫਰਕ ਪੈਂਦਾ ਜਾ ਰਿਹਾ ਸੀ, ਉਹ ਆਧੁਨਿਕਤਾ ਨਾਲ ਆਈਆਂ ਤਬਦੀਲੀਆਂ ਦੀ ਦੇਣ ਵੀ ਸੀ ਅਤੇ ਅਕਾਲੀਆਂ ਦਾ ਅਕਾਲੀਅਤ ਤੋਂ ਦੂਰ ਹੁੰਦੇ ਜਾਣਾ ਵੀ ਸੀ।ਇਸ ਵਿਚ ਕੋਈ ਸ਼ੱਕ ਨਹੀਂ ਕਿ ਆਧੁਨਿਕਤਾ ਦੋਧਾਰਾ ਖੰਡਾ ਹੈ ਅਤੇ ਇਸ ਤੋਂ ਫਾਇਦੇ ਅਤੇ ਨੁਕਸਾਨ ਦੋਵੇਂ ਹੀ ਸੰਭਵ ਹਨ।ਉਹ ਪੰਥਕ ਸਿਆਸਤ ਦੇ ਮੁਦਈ ਸਨ ਅਤੇ ਅਕਾਲੀ ਸਿਆਸਤ ਨੂੰ ਪੰਥਕ ਰੰਗ ਵਿਚ ਚਲਾਉਣ ਦਾ ਸਿਰੜ ਹੀ ਉਹਨਾਂ ਦਾ ਯੋਗਦਾਨ ਕਿਹਾ ਜਾ ਸਕਦਾ ਹੈ।ਹੁਣ ਤਾਂ ਇਹ ਵੀ ਲਗਣ ਲਗ ਪਿਆ ਹੈ ਕਿ ਅਕਾਲੀ ਸਿਆਸਤ ਦਾ ਪੰਥਕ-ਜਲੌਅ ਕਾਇਮ ਰਖਣ ਲਈ ਹੀ ਉਹ ਅਹਿਮ ਭੂਮਿਕਾ ਨਿਭਾਉਂਦੇ ਰਹੇ ਸਨ।ਪੰਥਕ-ਸਿਆਸਤ ਨੂੰ ਉਹ ਬਚਨਬੱਧਤਾ ਦੀ ਨੈਤਿਕਤਾ

ਸਮਝਦੇ ਸਨ ਅਤੇ ਅਕਾਲੀ ਸਿਆਸਤ ਨੂੰ ਉਹ ਪੰਥਕ-ਬੋਲਬਾਲਿਆਂ ਦੀ ਸਿਆਸਤ ਸਮਝਦੇ ਸਨ। ਉਹ ਜਮਾਂਦਰੂ ਅਕਾਲੀ ਸਨ। ਪਰ ਅਮੀਰ ਹੋਣ ਦਾ ਲਾਲਚ, ਉਹਨਾਂ ਦੀ ਪੰਥਕ-ਸਿਆਸਤ ਵਿਚੋਂ ਸਦਾ ਹੀ ਮਨਫੀ ਰਿਹਾ ਸੀ। ਇਹ ਸਾਰੀਆਂ ਗਲਾਂ ਉਹਨਾਂ ਨੇ 'ਕੇਸਾਂ ਸੁਆਸਾਂ' ਨਾਲ ਨਿਭਾ ਦਿਤੀਆਂ ਸਨ। ਉਹ ਦ੍ਰਿੜ੍ਹਤਾ ਨਾਲ ਅਕਾਲੀ-ਸਿਆਸਤ ਨੂੰ, 1920 ਵਾਲੇ ਪੰਥਕ-ਏਜੰਡੇ ਤੋਂ ਪਿੱਛੇ ਨਹੀਂ ਹਟਣ ਦੇਣਾ ਚਾਹੁੰਦੇ ਸਨ। ਪਰ ਦੇਸ਼ ਦੇ ਧਰਮ-ਨਿਰਪੇਖ ਢਾਂਚੇ ਨਾਲ ਨਿਭਣ ਵਾਸਤੇ ਲੋੜੀਂਦੀਆਂ ਤਬਦੀਲੀਆਂ ਨੂੰ ਨਾਲ ਲੈਕੇ ਤੁਰਨ ਦੀ ਸਮਰਥਾ ਦੇ ਵੀ ਉਹ ਮਾਲਕ ਹੋ ਗਏ ਸਨ।

ਉਹ ਲਿਫ ਜਾਂਦੇ ਸਨ ਪਰ ਟੁਟਦੇ ਨਹੀਂ ਸਨ ਕਿਉਂਕਿ ਉਹਨਾਂ ਵਾਸਤੇ ਕੋਈ ਵੀ ਵਰਤਾਰਾ ਅਜਿਹਾ ਨਹੀ ਸੀ, ਜਿਸ ਨੂੰ ਸਮਝਣਾ ਉਹਨਾਂ ਲਈ ਮੁਸ਼ਕਲ ਹੋਵੇ? ਉਹ ਜਾਣਦੇ ਸਨ ਅਤੇ ਲੁਕੋਕੇ ਵੀ ਨਹੀਂ ਰਖਦੇ ਸਨ ਕਿ ਅਕਾਲੀ ਸਿਆਸਤ ਨੂੰ ਧਨਾਢ-ਸਿੱਖਾਂ ਨੇ ਪੰਥਕ-ਭੱਲ ਬਨਾਈ ਰਖਣ ਲਈ ਲਗਾਤਾਰ ਵਰਤਿਆ ਹੈ। ਮੌਕਾ ਮਿਲਣ ਤੇ ਅਕਾਲੀਆਂ ਵਿਚੋਂ ਵੀ ਧਨਾਢ ਹੋਕੇ ਅਕਾਲੀ-ਸਿਆਸਤ ਨੂੰ ਹਥਿਆਉਣ ਦੀ ਲਗਾਤਾਰ ਕੋਸ਼ਿਸ਼ ਉਨ੍ਹਾਂ ਦੇ ਸਾਹਮਣੇ ਕੀਤੀ ਜਾਂਦੀ ਰਹੀ ਸੀ। ਇਸ ਵਿਚ ਜਿਨ੍ਹਾਂ ਨੂੰ ਸਫਲਤਾ ਮਿਲਦੀ ਰਹੀ ਸੀ, ਉਨ੍ਹਾਂ ਦੀ ਗਿਣਤੀ ਬਹੁਤੀ ਨਹੀਂ ਸੀ। ਉਹਨਾਂ ਦੇ ਧਰਤੀ ਨਾਲ ਜੁੜੇ ਹੋਏ ਸੁਜੱਗ-ਅਹਿਸਾਸ ਨੇ ਉਹਨਾਂ ਨੂੰ ਟਕਰਾਉ ਦੀ ਸਿਆਸਤ ਤੋਂ ਗੁਰੇਜ਼ ਕਰਕੇ ਤੁਰਨਾ ਸਿਖਾ ਦਿਤਾ ਸੀ। ਏਸੇ ਲਈ ਕਹਿ ਸਕਦੇ ਹਾਂ ਕਿ ਉਹ ਅਕਾਲੀਆਂ ਦੀ ਸਿਆਸੀ-ਮਹਾਂਭਾਰਤ ਦੇ ਭੀਸ਼ਮ ਪਿਤਾਮਾ ਸਨ। ਉਹਨਾਂ ਵਲੋਂ ਨਿਭਾਈ ਗਈ ਸਹਿਯੋਗੀ-ਸਿਆਸਤ ਦਾ ਪ੍ਰਸੰਗ ਇਹ ਬਣਦਾ ਹੈ ਕਿ ਪੰਥ, ਸਿੱਖਾਂ ਦੀ ਸਮੂਹਕਤਾ ਦਾ ਨਾਮ ਹੈ। ਪਰ ਜੇ ਸਿੱਖ, ਵਿਅਕਤੀਗਤ ਹੈਸੀਅਤ ਨਾਲ ਸੰਤੁਸ਼ਟ ਹੋ ਜਾਵੇ ਤਾਂ ਉਸਨੂੰ ਪੰਥਕ ਹੋਣ ਦੀ ਲੋੜ ਹੀ ਮਹਿਸੂਸ ਨਹੀਂ ਹੋਵੇਗੀ। ਵਿਅਕਤੀ ਵਿਚ ਜੇ ਨੈਤਿਕ-ਬਦਲਾਵ ਨਹੀਂ ਆਉਂਦਾ ਤਾਂ ਉਹ ਆਪਣੇ ਭਵਿਖ ਦੀ ਸੁਰਖਿਅਤਾ ਤੋਂ ਅਗੇ ਨਹੀ ਸੋਚਦਾ। ਭਵਿਖ ਦੀ ਸੁਰਖਿਅਤਾ ਜੇ ਵਰਤਮਾਨ ਦੀ ਕੀਮਤ ਤੇ ਕਰਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਹੀ ਕੁਝ ਹੁੰਦਾ ਹੈ, ਜੋ ਵਖ ਵਖ ਰੰਗਾਂ ਦੇ ਸਿੱਖ ਸਿਆਸਤਦਾਨ ਉਨ੍ਹਾਂ ਦੇ ਸਾਹਮਣੇ ਹੀ ਕਰੀ ਜਾਂਦੇ ਰਹੇ ਸਨ। ਟੌਹੜਾ ਸਾਹਿਬ ਦੀ ਖਾਲਸਾਈ-ਮਲੰਗੀ ਭਵਿਖ ਦੀ ਪਰਵਾਹ ਨ ਕਰਣ ਵਿਚ ਸੀ। ਉਹ ਆਪਣੇ ਵਰਤਮਾਨ ਨੂੰ ਸਿਦਕਵਾਨ-ਸਿੱਖ ਵਾਂਗ ਜਿਊਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਸਨ। ਇਸ ਨਾਲ ਉਹ ਪੰਜਾਬ ਦੀ ਆਮ ਅਤੇ ਖਾਸ ਮਾਨਸਿਕਤਾ ਅੰਦਰ ਭਾਈਚਾਰਕ ਬਜ਼ੁਰਗ, ਲੋੜਵੰਦਾਂ ਦਾ ਮਦਦਗਾਰ ਅਤੇ ਪੰਥਕ ਬਚਨਬੱਧਤਾ ਦੀ ਪਹਿਰੇਦਾਰੀ ਦੇ ਪ੍ਰਤੀਨਿਧ ਹੋਣ ਦਾ ਪ੍ਰਭਾਵ ਛਡਕੇ ਗਏ ਸਨ।

ਸਿਆਸਤ-ਪ੍ਰਧਾਨ ਸਿੱਖ-ਸਮਾਜ ਨੂੰ ਜਿਸ ਕਿਸਮ ਦੇ ਜੀਵੰਤ ਰੋਲ ਮਾਡਲ ਦੀ ਲੋੜ ਸੀ, ਟੌਹੜਾ ਸਾਹਿਬ ਉਸ ਤੇ ਵੀ ਪੂਰਾ ਉਤਰਦੇ ਸਨ। ਸਿੱਖੀ, ਪੰਜਾਬ ਦੀ ਸਭਿਆਚਾਰਕ ਧਰਤੀ ਵਿਚੋਂ ਪੈਦਾ ਹੋਈ ਅਜਿਹੀ ਫਸਲ ਹੈ, ਜਿਸਨੇ ਪੰਜਾਬ ਨੂੰ ਲੋੜੀਂਦੇ ਰੋਲ ਮਾਡਲ ਦਿਤੇ ਹਨ। ਜ਼ਿੰਦਗੀ ਦੇ ਵਖ ਵਖ ਖੇਤਰਾਂ ਵਿਚ ਸਿੱਖਾਂ ਵਿਚੋਂ ਇਕ-ਪਰਤੀ ਰੋਲ ਮਾਡਲਾਂ ਦੀ ਕੋਈ ਕਮੀ ਨਹੀ ਹੈ। ਪਰ ਜਿਹੜੇ ਇਮਤਿਹਾਨਾਂ ਵਿਚੋਂ ਟੌਹੜਾ ਸਾਹਿਬ ਨੂੰ ਗੁਜ਼ਰਨਾ ਪਿਆ ਸੀ, ਉਸ ਤਰ੍ਹਾਂ ਸ਼ਾਇਦ ਕਿਸੇ ਵੀ ਇਕ-ਪਰਤੀ ਸਿੱਖ ਰੋਲ ਮਾਡਲ ਨੂੰ ਨਹੀਂ ਗੁਜ਼ਰਨਾ ਪਿਆ ਹੋਵੇਗਾ। ਏਸੇ ਲਈ ਅਜ ਉਹਨਾਂ ਨੂੰ ਯਾਦ ਕਰਦਿਆਂ ਆਮ ਸਿੱਖਾਂ ਲਈ ਰੋਲ ਮਾਡਲ ਕਹਿ ਰਿਹਾ ਹਾਂ। ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਮਿਲੀ ਹੋਈ ਸਪੇਸ ਦੀ ਕਲਾਕਾਰੀ-ਵਰਤੋਂ ਨਾਲ ਲੀਡਰ ਤਾਂ ਬਣਿਆ ਜਾ ਸਕਦਾ ਹੈ, ਪਰ ਰੋਲ ਮਾਡਲ ਨਹੀ ਬਣਿਆ ਜਾ ਸਕਦਾ। ਰੋਲ ਮਾਡਲ ਵਾਸਤੇ ਆਮ ਲੋਕਾਂ ਦੇ ਮਨਾਂ ਵਿਚ ਵਸਣਾ ਪੈਂਦਾ ਹੈ। ਇਹ ਵਸੇਬਾ ਉਸੇ ਨੂੰ ਨਸੀਬ ਹੁੰਦਾ ਹੈ, ਜਿਸ ਕੋਲੋਂ ਗੁਰੂ ਮਿਹਰ ਕਰਕੇ ਸੇਵਕ ਹੋਣ ਦਾ ਕਾਰਜ ਕਰਵਾ ਲੈਂਦਾ ਹੈ ਅਤੇ ਇਸ ਸੁੱਚੇ ਪ੍ਰਭਾਵ ਨੂੰ ਲੋਕਾਂ ਤਕ ਪਹੁੰਚਾਉਣ ਦੇ ਵਸੀਲੇ ਵੀ ਪੈਦਾ ਕਰ ਦੇਂਦਾ ਹੈ।

ਯੂਨੀਵਰਸਿਟੀ ਵਰਗੇ ਅਕਾਦਮਿਕ ਅਦਾਰੇ ਵਲੋਂ ਜਥੇਦਾਰ ਟੌਹੜਾ ਦੀ ਭੂਮਿਕਾ ਨਾਲ ਜੁੜੇ ਹੋਏ ਮੁੱਦਿਆਂ ਬਾਰੇ ਚਰਚਾ ਕੀਤੀ ਜਾਣੀ ਚਾਹੀਦੀ ਹੈ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ ਕਿ ਸਿਆਸਤ ਤਾਂ ਸਦਾ ਹੀ ਸੰਕਟ ਵਿਚ ਰਹਿੰਦੀ ਹੈ, ਪਰ ਧਰਮ ਤਾਂ ਸਿਆਸਤ ਨਾਲ ਲਗਕੇ ਹੀ ਸੰਕਟ ਵਿਚ ਆਉਂਦਾ ਰਿਹਾ ਹੈ। ਫਿਰ ਤਾਂ ਧਰਮ ਅਤੇ ਸਿਆਸਤ ਵਿਚਕਾਰ ਲਕੀਰ ਖਿੱਚਣ ਬਾਰੇ ਵੀ ਚਰਚਾ ਕੀਤੀ ਜਾਣੀ ਚਾਹੀਦੀ ਹੈ। ਇਹ ਮਾਮਲਾ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਉਪਰ ਉਠਕੇ ਹੀ ਵਿਚਾਰਿਆ ਜਾ ਸਕਦਾ ਹੈ। ਟੌਹੜਾ ਸਾਹਿਬ ਦੇ

ਅੰਤਮ ਸੁਆਸਾਂ ਤਕ ਇਹ ਸਮਸਿਆ ਜੇ ਮੁੱਦਾ ਨਹੀਂ ਸੀ ਤਾਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ, ਇਕਲੇ ਹੀ ਕਿੰਨਾਂ ਕੁਝ ਸੰਭਾਲੀ ਬੈਠੇ ਸਨ? ਟੌਹੜਾ ਸਾਹਿਬ ਨਿਰਸੰਦੇਹ ਅਕਾਲੀ ਸਨ ਅਤੇ ਅਕਾਲੀਆਂ ਦੇ ਸੰਕਟ ਸਮੇਂ ਬਹੁਤ ਹੀ ਯਾਦ ਆਉਂਦੇ ਰਹਿਣੇ ਹਨ। ਇਸ ਨਾਲ ਸਾਬਤ ਹੋ ਜਾਂਦਾ ਹੈ ਕਿ ਜ. ਟੌਹੜਾ ਅਜਿਹੀ ਸ਼ਖਸ਼ੀਅਤ ਸਨ, ਜਿਹਨਾਂ ਨੂੰ ਪਾਰਟੀ ਲੀਹਾਂ ਤੋਂ ਉਪਰ ਉਠਕੇ ਮਾਨ ਸਤਿਕਾਰ ਪ੍ਰਾਪਤ ਹੁੰਦਾ ਰਿਹਾ ਸੀ। ਅਸੀਂ ਸਾਰੇ ਉਹਨਾਂ ਦੇ ਸਮਕਾਲੀ ਹੀ ਤਾਂ ਹਾਂ ਅਤੇ ਸਾਨੂੰ ਸਭ ਨੂੰ ਪਤਾ ਹੈ ਕਿ ਟੌਹੜਾ ਸਾਹਿਬ, ਪੰਥ ਦੀ ਕੀਮਤ ਤੇ ਰਾਜ ਕਰਣ ਦੀ ਸਿਆਸਤ ਨਾਲ ਕਦੇ ਵੀ ਸਹਿਮਤ ਨਹੀ ਸਨ। ਇਹ ਮਸਲਾ ਕੋਈ ਨਵਾਂ ਨਹੀਂ ਹੈ ਸਗੋਂ ਪੁਰਣਾ ਹੀ ਚਲਿਆ ਆ ਰਿਹਾ ਹੈ। ਪਰ ਦੇਸ਼ ਦੀ ਆਜ਼ਾਦੀ (1947) ਤੋਂ ਬਾਅਦ ਕੁਝ ਵਧੇਰੇ ਨੁਮਾਇਆਂ ਹੋ ਗਿਆ ਹੈ। ਇਸ ਨੂੰ ਹੱਲ ਨ ਕਰਣ ਵਿਚੋਂ ਹੀ ਸਿੱਖ ਸਿਆਸਤ ਵਿਚ ਅਜਿਹੀ ਧਿਰ ਪੈਦਾ ਹੁੰਦੀ ਰਹੀ ਹੈ, ਜਿਹੜੀ ਰਾਜ ਨੂੰ ਹੀ ਪੰਥ ਸਮਝਣ ਵਾਲੇ ਸਿਆਸੀ ਰਾਹੇ ਪੈ ਗਈ ਹੈ। ਇਥੇ ਇਸ ਦੇ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ ਹੈ ਪਰੰਤੂ ਟੌਹੜਾ ਸਾਹਿਬ ਦੀ ਧਾਰਨਾ ਇਹ ਰਹੀ ਸੀ ਕਿ ਪੰਥਕ ਬੋਲਬਾਲਿਆਂ ਵਲ ਪਿੱਠ ਕਰਕੇ ਰਾਜ ਭਾਗ ਵੀ ਮਿਲੇ ਤਾਂ ਵੀ ਨਹੀ ਲੈਣਾ ਚਾਹੀਦਾ? ਕਹਿਣ ਦਾ ਭਾਵ ਇਹੀ ਹੈ ਕਿ ਜਥੇਦਾਰ ਟੌਹੜਾ ਦੀ ਅਕਾਲੀ-ਭੂਮਿਕਾ ਤੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ। ਉਹ ਆਮ ਬੰਦੇ ਨੂੰ ਨਾਲ ਲੈਕੇ ਤੁਰਦੇ ਸਨ। ਕਿੰਨੇ ਕੁ ਹਨ ਜਿਹੜੇ ਉਹਨਾਂ ਵਾਂਗ ਅੰਮ੍ਰਿਤ ਵੇਲੇ ਤੋਂ ਲੈਕੇ ਰਾਤ ਦੇ 10 ਵਜੇ ਤਕ ਲੋਕਾਂ ਨਾਲ ਸੰਪਰਕ ਬਨਾਉਣ ਵਿਚ ਮੁਬਤਲਾ ਨਜ਼ਰ ਆਉਂਦੇ ਹਨ? ਉਹ ਸਾਡੇ ਵਿਚਕਾਰ ਨਹੀਂ ਰਹੇ, ਫਿਰ ਵੀ ਉਹਨਾਂ ਨੂੰ ਸਿੱਖ-ਸਿਆਸਤ ਦੇ ਰੋਲ ਮਾਡਲ ਵਜੋਂ ਯਾਦ ਕਰਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਇਹ ਸਮਾਂ ਸਿਆਸਤ ਦੀ ਪ੍ਰਧਾਨਤਾ ਦਾ ਹੈ ਅਤੇ ਇਹਨਾਂ ਹਾਲਾਤਾਂ ਵਿਚ ਜੇ ਕੋਈ ਗੁਰੂਕਾ ਕਹਾਉਣ ਵਾਲਾ ਸਿੱਖ, ਟੌਹੜਾ ਸਾਹਿਬ ਨੂੰ ਯਾਦ ਕਰਦਾ ਹੈ ਤਾਂ ਉਹ ਇਸ ਸਿਆਂਸੀ-ਦਰਵੇਸ਼ੀ ਨੂੰ ਪੰਥਕ ਸੁਰ ਵਿਚ ਸ਼ਰਧਾਂਜਲੀ ਭੇਟ ਕਰ ਕਰ ਰਿਹਾ ਕਹਿਣਾ ਚਾਹੀਦਾ ਹੈ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਯਾਦ ਕਰਦਿਆਂ ਸਮਝਿਆਂ ਜਾ ਸਕਦਾ ਹੈ ਕਿ ਸਿੱਖ ਸਿਆਸਤ ਜਿੰਨੀ ਸੰਕਟ ਵਿਚ ਅਜ ਹੈ, ਇੰਨੀ ਕਦੇ ਵੀ ਨਹੀ ਸੀ। ਟੌਹੜਾ ਸਾਹਿਬ ਦੇ ਅੰਤਮ ਸੁਆਸਾਂ ਤਕ ਸ਼੍ਰੋਮਣੀ ਕਮੇਟੀ ਅਕਾਲੀ ਦਲ ਦੇ ਪ੍ਰਭਾਵ ਹੇਠ ਤਾਂ ਸੀ, ਪਰ ਅਕਾਲੀ ਦਲ ਦੇ ਇਸ ਤਰ੍ਹਾਂ ਕਬਜੇ ਵਿਚ ਨਹੀ ਸੀ, ਜਿਸ ਤਰ੍ਹਾਂ ਇਸ ਵੇਲੇ ਨਜ਼ਰ ਆ ਰਹੀ ਹੈ। ਟੌਹੜਾ ਸਾਹਿਬ ਦੀ ਗੈਰ ਹਾਜ਼ਰੀ ਨਾਲ ਹੀ ਸ਼੍ਰੋਮਣੀ ਕਮੇਟੀ ਅਕਾਲੀ ਦਲ ਦੇ ਕਬਜੇ ਵਿਚ ਆਉਣੀ ਸ਼ੁਰੂ ਹੋ ਗਈ ਸੀ। ਇਸਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਭੂਮਿਕਾ ਕਿਹੋ ਜਿਹੀ ਰਹੀ ਹੋਵਗੀ? ਟੌਹੜਾ ਸਾਹਿਬ ਨਿਰਸੰਦੇਹ ਅਕਾਲੀ ਸਨ ਅਤੇ ਉਹਨਾਂ ਦਾ ਵਾਰਸ ਉਹਨਾਂ ਵਰਗਾ ਅਕਾਲੀ ਹੋਕੇ ਹੀ ਹੋਇਆ ਜਾ ਸਕਦਾ ਹੈ। ਅਸਲ ਵਿਚ ਕਾਬਜ਼ ਅਕਾਲੀ ਧੜੇ ਨੂੰ ਤਾਂ ਉਹਨਾਂ ਦੀ ਜਿਊਂਦੇ ਜੀਅ ਹੀ ਲੋੜ ਨਹੀਂ ਸੀ ਅਤੇ ਮਰਨ ਪਿਛੋਂ ਕੀ ਹੋ ਸਕਦੀ ਹੈ। ਸਿਆਸੀ ਗਰਜਾਂ ਵਾਸਤੇ ਉਹਨਾਂ ਦੀ ਪੰਥਕ ਛਬੀ ਨੂੰ ਵਰਤਣ ਦੇ ਲਾਲਚ ਵਿਚ ਹੀ ਉਹਨਾਂ ਦੇ ਵਾਰਸ ਹੋਣ ਦਾ ਸਿਆਸੀ-ਦੰਭ ਹੁੰਦਾ ਆ ਰਿਹਾ ਹੈ। ਜੋ ਅਕਾਲੀਆਂ ਨੇ ਉਹਨਾਂ ਦੀ ਯਾਦ ਵਿਚ ਕੀਤਾ, ਉਸ ਨਾਲੋਂ ਕਿਤੇ ਵਧ ਪੰਜਾਬ ਦੀ ਕੈਪਟਨ ਸਰਕਾਰ ਨੇ ਉਹਨਾਂ ਦੀ ਯਾਦ ਵਿਚ ਕਰ ਵਿਖਾਇਆ ਸੀ। ਉਹਨਾਂ ਨਾਲ ਖਲੋਣ ਦੀ ਸਿਆਸੀ ਸਜ਼ਾ ਜਿੰਨ੍ਹਾਂ ਲੋਕਾਂ ਨੇ ਅਕਾਲੀ ਹਕੂਮਤ ਵੇਲੇ ਭੁਗਤੀ ਸੀ, ਉਹਨਾਂ ਨੂੰ ਬਾਦਲਕਿਆਂ ਵਲੋਂ ਕਿੰਨਾਂ ਕੁ ਮਾਨ ਸਨਮਾਨ ਮਿਲਿਆ ਹੈ, ਇਸ ਬਾਰੇ ਜਿਸਨੂੰ ਹੁਣ ਤਕ ਪਤਾ ਨਹੀਂ ਹੈ, ਉਸਨੂੰ ਦਸੇ ਜਾਣ ਦੀ ਜ਼ਰੂਰਤ ਵੀ ਨਹੀਂ ਹੈ। ਬਾਦਲ-ਟੌਹੜਾ ਸਮਝੌਤੇ ਦੇ ਸੂਤਰਧਾਰ ਅਕਾਲੀਆਂ ਦੀ ਵਰਤਮਾਨ ਭੂਮਿਕਾ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਟੌਹੜਾ ਸਾਹਿਬ ਬਾਦਲਕਿਆਂ ਦੀ ਸਿਆਸਤ ਨਾਲ ਕਦੇ ਵੀ ਸਹਿਮਤ ਨਹੀਂ ਸਨ। ਹੋ ਵੀ ਕਿਵੇਂ ਸਕਦੇ ਸਨ? ਬਾਦਲਕਿਆਂ ਲਈ ਸੱਤਾ ਮੁਖ ਹੈ, ਭਾਵੇਂ ਉਹ ਪੰਥ ਦੀ ਕੀਮਤ ਤੇ ਹੀ ਮਿਲਦੀ ਹੋਵੇ। ਪਰ ਟੌਹੜਾ ਸਾਹਿਬ ਦੀ ਸਿਆਸੀ ਪਹੁੰਚ ਸਦਾ ਹੀ ਮਾਸਟਰ ਤਾਰਾ ਸਿੰਘ ਦੇ ਇਹ ਸ਼ਬਦ ਰਹੇ ਸਨ- "ਜੋ ਪੰਥਕ ਨਹੀਂ ਉਹ ਮੇਰੀ ਸਿਆਸਤ ਨਹੀਂ"। ਏਸੇ ਨੂੰ ਇਸ ਤਰ੍ਹਾਂ ਕਿਹਾ ਜਾ ਰਿਹਾ ਹੈ ਕਿ ਪੰਥਕ ਬੋਲਬਾਲਿਆਂ ਵਲ ਪਿੱਠ ਕਰਕੇ ਰਾਜ ਭਾਗ ਵੀ ਮਿਲੇ ਤਾਂ ਨਹੀਂ ਲੈਣਾ ਚਾਹੀਦਾ? ਇਹ ਸਭ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਕਾਲੀ ਦਲ ਨਾਲ ਕੰਮ ਕਰਦਿਆਂ ਜਿਹੜੀ ਸਿਆਸੀ ਤਾਕਤ ਉਹਨਾਂ ਨੂੰ ਮਿਲੀ ਹੋਈ ਸੀ, ਉਹ ਉਹਨਾਂ ਦੀ ਪੰਥਕ ਛਬੀ ਦਾ ਲਾਹਾ ਲੈਣ ਵਾਸਤੇ ਬਾਦਲਕਿਆਂ ਨੂੰ ਮਜਬੂਰੀ ਵਿਚ ਦੇਣੀ ਪੈਂਦੀ ਰਹੀ ਸੀ। ਮਜਬੂਰੀ ਮੁਕਣ ਦਾ ਅਹਿਸਾਸ ਹੁੰਦਿਆਂ ਹੀ ਉਹਨਾਂ ਨੂੰ ਮੱਖਣ ਵਿਚੋਂ ਵਾਲ ਵਾਂਗ ਬਾਹਰ ਕਢ ਦਿਤਾ ਜਾਂਦਾ ਰਿਹਾ ਸੀ। ਹੁਣ ਜਦੋਂ ਬਾਦਲ-ਅਕਾਲੀ ਦਲ ਦੇ

ਵਿਰੋਧੀ ਅਕਾਲੀ ਧੜਿਆਂ ਵਲੋਂ 'ਗੁਰਦੁਆਰਾ ਸੁਧਾਰ ਲਹਿਰ ਦੂਜੀ' ਦੀ ਆੜ ਵਿਚ ਇਕਠੇ ਹੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜਥੇਦਾਰ ਟੌਹੜਾ ਦੀ ਅਕਾਲੀ ਭੂਮਿਕਾ ਤੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ।ਇਹ ਸੋਚੇ ਜਾਣ ਦੀ ਲੋੜ ਹੈ ਕਿ ਜਿੰਨੀ ਕੂ ਲੜਾਈ ਟੌਹੜਾ ਸਾਹਿਬ ਇਕਲੇ ਲੜੀ ਜਾ ਰਹੇ ਸਨ, ਓਨੀ ਕੂ ਵੀ ਲੜਾਈ ਅਧੀ ਦਰਜਨ ਅਕਾਲੀ ਪ੍ਰਧਾਨ ਕਿਉਂ ਨਹੀਂ ਲੜ ਸਕਦੇ? ਪਹਿਲਾ ਕਾਰਣ ਤਾਂ ਇਹ ਹੈ ਕਿ ਪ੍ਰਧਾਨਗੀ ਦੀ ਹਉਮੈ ਬਾਦਲਕਿਆਂ ਵਿਰੁਧ ਰਲਕੇ ਨਹੀਂ ਤੁਰਨ ਦੇਂਦੀ।ਦੂਜੇ ਪ੍ਰਧਾਨਾਂ ਦੀ ਪਬਲਿਕ-ਸਾਖ ਦਾ ਮਸਲਾ ਵੀ ਹੈ।ਲੋਕਾਂ ਤਕ ਪਹੁੰਚਣ ਦੀ ਥਾਂ, ਲੋਕਾਂ ਨੂੰ ਘਰ ਬੈਠੇ ਉਡੀਕੀ ਜਾ ਰਹੇ ਲੀਡਰ, ਟੌਹੜਾ ਸਾਹਿਬ ਤੋਂ ਕੀ ਸਿੱਖ ਸਕਦੇ ਹਨ? ਇਹਨਾਂ ਵਿਚੋਂ ਕਿੰਨੇ ਕੂ ਅੰਮ੍ਰਿਤ ਵੇਲੇ ਤੋਂ ਲੈਕੇ ਰਾਤ ਦੇ 10 ਵਜੇ ਤਕ ਲੋਕਾਂ ਨਾਲ ਸੰਪਰਕ ਬਨਾਉਣ ਵਿਚ ਨਜ਼ਰ ਆਉਂਦੇ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਨਾਲ ਹੀ ਪਤਾ ਲਗ ਜਾਂਦਾ ਹੈ ਕਿ ਪ੍ਰਧਾਨ ਅਖਵਾਉਣ ਵਾਲੇ ਜਾਂ ਪ੍ਰਧਾਨ ਬਣ ਜਾਣ ਦੇ ਚਾਹਵਾਨ ਕਿੰਨੇ ਕੂ ਪਾਣੀ ਵਿਚ ਹਨ?

ਉਹਨਾਂ ਨੂੰ ਯਾਦ ਕਰਦਿਆਂ ਇਹ ਵੀ ਵੀਚਾਰੇ ਜਾਣ ਦੀ ਲੋੜ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਪਤਨੀ ਸਰਦਾਰਨੀ ਜੋਗਿੰਦਰ ਕੌਰ ਟੌਹੜਾ ਨੂੰ ਜਥੇਦਾਰ ਟੌਹੜਾ ਦੇ ਤੁਰ ਜਾਣ ਪਿਛੋਂ ਕਿੰਨਾਂ ਕੂ ਪੰਥਕ ਮਾਨ ਸਤਿਕਾਰ ਦਿਤਾ ਗਿਆ ਸੀ? ਉਹਨਾਂ ਅਕਾਲੀਆਂ ਨੇ ਵੀ ਬੇਵਾ ਸਰਦਾਰਨੀ ਟੌਹੜਾ ਨੂੰ ਮਿਲ ਸਕਣ ਵਾਲੀ ਸਰਕਾਰੀ ਸਹਾਇਤਾ ਨ ਲੈਣ ਵਾਸਤੇ ਜ਼ੋਰ ਪਾਇਆ ਸੀ, ਜਿਹੜੇ ਸਰਕਾਰੀ ਲਾਹੇ ਦਾ ਕੋਈ ਮੌਕਾ ਵੀ ਹਥੋਂ ਨਹੀ ਜਾਣ ਦੇਂਦੇ **ਸਨ**।ਬੀਬੀ ਜੀ ਨੂੰ ਮਿਲਣ ਗਿਲਣ ਜਾਣ ਵਾਲਿਆਂ ਬਾਰੇ ਤਾਂ ਗਲ ਕੀਤੇ ਜਾਣ ਦੀ ਲੋੜ ਹੀ ਨਹੀ ਹੈ। ਬੀਬੀ ਜੀ ਦੇ ਦਰਦ ਦੀ ਦਾਸਤਾਨ ਉਹਨਾਂ ਦੀ ਜ਼ਬਾਨੀ ਸੁਨਣ ਵਾਲਿਆਂ ਸਭ ਨੂੰ ਪਤਾ ਹੈ ਕਿ ਬੀਬੀ ਜੀ ਦੀ ਸਿਹਤ ਠੀਕ ਨਹੀ ਰਹਿੰਦੀ ਸੀ।ਸਿਆਸੀ ਰੋਟੀਆਂ ਸੇਕਣ ਲਈ ਬਲਦੀ ਤੇ ਤੇਲ ਪਾਉਣ ਲਈ ਤਾਂ ਸ਼੍ਰੋਮਣੀ ਕਮੇਟੀ ਵਲੋਂ ਮਾਇਕ ਸਹਾਇਤਾ ਦੇ ਐਲਾਨ ਵੀ ਹੁੰਦੇ ਰਹਿੰਦੇ ਸਨ, ਪਰ ਬੀਬੀ ਜੀ ਦੇ ਬੀਮਾਰ ਪੈਣ ਤੇ ਮਾਨ ਸਤਿਕਾਰ ਵਜੋਂ ਵੀ ਕੋਈ ਸਹਾਇਤਾ-ਕਦਮ ਕਿਸੇ ਵੀ ਸਿੱਖ-ਲੀਡਰ ਜਾਂ ਸ਼੍ਰੋਮਣੀ ਕਮੇਟੀ ਵਲੋਂ ਚੁਕਿਆ ਗਿਆ ਨਜ਼ਰ ਨਹੀਂ ਆਉਂਦਾ? ਜੋ ਕੁਝ ਕਾਂਗਰਸ-ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਉਨ੍ਹਾਂ ਲਈ ਕੀਤਾ, ਉਹ ਅਕਾਲੀਆਂ ਨੇ ਨੂੰ ਹਜਮ ਨਹੀਂ ਹੋਇਆ ਸੀ।ਇਸਦੇ ਬਾਵਜੂਦ ਅਜੇ ਵੀ ਅਜਿਹੇ ਸਿੱਖ ਹਨ, ਜਿਹੜੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਤਿਕਾਰ ਵਿਚ ਉਹਨਾਂ ਨੂੰ ਸਿੱਖ ਸਿਆਸਤ ਦੇ ਰੋਲ-ਮਾਡਲ ਵਜੋਂ ਯਾਦ ਕਰਣ ਦਾ ਕੋਈ ਵੀ ਬਹਾਨਾ ਹੱਥੋਂ ਨਹੀਂ ਜਾਣ ਦਿੰਦੇ ਹਨ।ਇਹੋ ਜਿਹੇ ਮੌਕਿਆਂ ਤੇ ਟੌਹੜਾ ਸਾਹਿਬ ਨੂੰ ਪਿਆਰ ਕਰਣ ਵਾਲੇ ਸਿੱਖ ਤਾਂ ਪਹੁੰਚ ਵੀ ਜਾਂਦੇ ਹਨ।ਸਿੱਖ ਮਾਨਸਿਕਤਾ ਵਿਚ ਜਥੇਦਾਰ ਟੌਹੜਾ ਨੂੰ ਮਰਨ ਉਪਰੰਤ ਸ਼ਹੀਦਾਂ ਵਰਗਾ ਦਰਜਾ ਪ੍ਰਾਪਤ ਹੋ ਗਿਆ ਹੈ।ਏਸੇ ਲਈ ਉਹਨਾਂ ਦੇ ਨਾਮ ਤੇ ਮੇਲੇ ਲਗਦੇ ਰਹਿੰਦੇ ਹਨ।ਇਹੋ ਜਿਹੇ ਮੌਕਿਆਂ ਤੇ ਜਿਹੜੇ ਸਿੱਖ ਸਿਆਸੀ ਕਾਰਣਾ ਕਰਕੇ ਵੀ ਪਹੁੰਚਦੇ ਹਨ, ਉਹਨਾਂ ਨੂੰ ਵੀ ਟੌਹੜਾ ਸਾਹਿਬ ਦੇ ਹਾਮੀਆਂ ਹਿਤੈਸ਼ੀਆਂ ਵਿਚ ਹੀ ਗਿਣਿਆ ਜਾਣਾ ਚਾਹੀਦਾ ਹੈ।

ਇਹ ਆਮ ਕਥਨ ਹੈ ਕਿ ਜੇ ਦੋ ਬੰਦੇ ਵੀ ਗਲ ਕਰਦੇ ਹੋਣ ਤਾਂ ਛੇ ਬੰਦਿਆਂ ਦਾ ਸੱਚ ਸਾਹਮਣੇ ਆ ਜਾਂਦਾ ਹੈ।ਪਹਿਲਾ ਤੇ ਦੂਜਾ ਸੱਚ, ਜਿਵੇਂ ਉਹ ਦੋਵੇਂ ਆਪਣੇ ਆਪ ਨੂੰ ਸਮਝਦੇ ਹਨ।ਤੀਜਾ ਤੇ ਚੌਥਾ ਸੱਚ, ਜਿਵੇਂ ਉਹ ਇਕ ਦੂਜੇ ਨੂੰ ਸਮਝਦੇ ਹਨ।ਪੰਜਵਾਂ ਤੇ ਛੇਵਾਂ ਸੱਚ, ਜਿਵੇਂ ਦੇ ਉਹ ਹਨ ਜਾਂ ਹੋਰਨਾ ਵਲੋਂ ਸਮਝੇ ਜਾ ਰਹੇ ਹਨ।ਜੇ ਦੋ ਬੰਦਿਆ ਦੀ ਗਲਬਾਤ ਦਾ ਇਹ ਛੇਮੁਖੀ ਆਲਮ ਹੈ ਤਾਂ ਪੰਥਕ ਪ੍ਰਸੰਗ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੀ ਸ਼ਖਸ਼ੀਅਤ ਨਾਲ ਨਿਪਟਣ ਬਾਰੇ ਆਉਂਦੀਆਂ ਦੁਸ਼ਵਾਰੀਆਂ ਦਾ ਅੰਦਾਜ਼ਾ ਲਾਉਣਾ, ਬੇਸ਼ਕ ਔਖਾ ਨਹੀਂ, ਪਰ ਸੌਖਾ ਵੀ ਨਹੀਂ ਹੈ।ਸੋ ਕਿਸੇ ਵੀ ਟੌਹੜਾ ਸਾਹਿਬ ਵਰਗੀ ਸਥਾਪਤ ਸ਼ਖਸ਼ੀਅਤ ਬਾਰੇ ਜਾਣਨ ਲਗਿਆਂ ਇਹ ਦਿੱਕਤਾਂ ਤਾਂ ਆਉਂਦੀਆਂ ਹੀ ਹਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਬਾਰੇ ਲਿਖਦਿਆਂ ਇਹਨਾਂ ਮੁਸ਼ਕਲਾਂ ਵਿਚੋਂ ਗੁਜ਼ਰਨਾ ਪੈਣਾ ਹੈ।ਮੇਰਾ ਵਿਸ਼ਵਾਸ਼ ਹੈ ਕਿ ਜੀਵਨੀ ਵਿਚੋਂ ਕਿਸੇ ਇਕ ਸੱਚ ਦੀ ਇਕਹਿਰੀ ਤਵੱਕੋ ਕਰਣਾ ਠੀਕ ਨਹੀਂ ਹੋਵੇਗਾ ਕਿਉਂਕਿ ਜੀਵਨੀ ਸਮਕਾਲੀਨ ਦੀ ਕਥਾ ਹੁੰਦੀ ਹੈ ਅਤੇ ਇਸਦੀ ਪੇਸ਼ਕਾਰੀ ਲੇਖਕ ਦੀ ਸਮਰਥਾ ਦਾ ਇਮਤਿਹਾਨ ਵੀ ਹੁੰਦੀ ਹੈ। ਇਉਂ ਜ. ਟੌਹੜਾ ਬਾਰੇ ਲਿਖਦਿਆਂ ਰਹਿ

ਗਈਆਂ ਤਰੁਟੀਆਂ ਮੇਰੀਆਂ ਹਨ ਅਤੇ ਇਸਦੇ ਸਫਲ ਪਹਿਲੂ ਮਰਹੂਮ ਟੌਹੜਾ ਸਾਹਿਬ ਦੇ ਹਨ।ਜਥੇਦਾਰ ਟੌਹੜਾ ਦੀ ਭੂਮਿਕਾ ਦਾ ਇਹ ਆਲਮ ਰਿਹਾ ਹੈ ਕਿ ਕਿਸੇ ਇਕ ਸਾਲ ਦੀਆਂ ਅਖਬਾਰਾਂ ਹੀ ਲੈ ਲਈਏ ਤਾਂ ਵੀ ਇਕ ਪੁਸਤਕ ਲਈ ਲੋੜੀਂਦਾ ਮਸੌਦਾ ਮੁਹਈਆ ਹੋ ਜਾਂਦਾ ਹੈ।

ਉਨ੍ਹਾਂ ਬਾਰੇ ਗੱਲਾਂ ਕਰਣ ਵਾਲੇ ਇਸ ਸੱਚ ਦੇ ਸ਼ਾਹਦ ਹਨ ਕਿ ਸਿੱਖ-ਵਿਰਾਸਤ ਬਾਰੇ ਜੇ ਸਿੱਖ-ਵਾਰਸ ਮਨ ਨਹੀਂ ਬਨਾਉਣਗੇ ਤਾਂ ਵਿਥ ਤੋਂ ਜਾਂ ਬੇਗਾਨਿਆਂ ਵਲੋਂ ਕੀਤੀਆਂ ਹੋਈਆਂ ਟਿਪਣੀਆਂ, ਕਿਸੇ ਨ ਕਿਸੇ ਬਹਾਨੇ ਨਾਲ ਕਲੇਸ਼ ਪੈਦਾ ਕਰਦੀਆਂ ਰਹਿਣਗੀਆਂ।ਜਥੇਦਾਰ ਟੌਹੜਾ ਭਾਵੇਂ ਕੁਝ ਸਾਲ ਹੀ ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਦੇ ਪ੍ਰਧਾਨ ਰਹੇ ਸਨ, ਪਰ ਉਹਨਾਂ ਦੀ ਛਾਪ ਦਾ ਇਹ ਆਲਮ ਸੀ ਕਿ ਸਿੱਖ ਐਜੂਕੇਸ਼ਨ ਸੁਸਾਇਟੀ ਦੀ ਵਰਤਮਾਨ ਪ੍ਰਬੰਧਕੀ ਟੀਮ, ਉਨ੍ਹਾਂ ਦੇ ਯਾਦਗਾਰੀ ਸੈਮੀਨਾਰਾਂ ਰਾਹੀਂ ਵਿਦਵਾਨਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਅਤਿ ਲੋੜੀਂਦੀ ਚੇਤਨਾ ਲਹਿਰ ਵਲ ਕਦਮ ਚੁੱਕਣ ਦੀ ਕੋਸ਼ਿਸ਼ ਕਰਦੀ ਆ ਰਹੀ ਹੈ।ਇਹ ਭੂਮਿਕਾ ਕਿਸੇ ਵੇਲੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪਲੈਟਫਾਰਮ ਤੋਂ ਕੁਝ ਪਰੋਫੈਸਰਾਂ ਵੱਲੋਂ ਰਲਕੇ ਨਿਭਾਈ ਗਈ ਸੀ ਅਤੇ ਉਸ ਨਾਲ ਸਿੰਘ ਸਭਾ ਲਹਿਰ ਪੈਦਾ ਹੋ ਗਈ ਸੀ।ਗੁਰੂ ਕਰੇ ਕਿ ਪ੍ਰਬੰਧਕਾਂ ਦਾ ਟੌਹੜਾ ਸਾਹਿਬ ਦੀ ਯਾਦ ਵਿਚ ਚੁੱਕਿਆ ਗਿਆ ਕਦਮ ਉਸ ਸੇਧ ਵਿਚ ਹੋਵੇ, ਜਿਸਦੀ ਆਸ ਕੇਵਲ ਅਕਾਦਮਿਕ ਅਦਾਰਿਆਂ ਤੋਂ ਹੀ ਕੀਤੀ ਜਾ ਸਕਦੀ ਹੈ।ਇਹ ਠੀਕ ਹੈ ਕਿ ਸਿੱਖ ਸੰਸਥਾਵਾਂ ਦੇ ਸਿਆਸੀ ਅਪਹਰਣ ਦਾ ਅਸਰ ਸਿੱਖ-ਅਕਾਦਮਿਕ ਸੰਸਥਾਂਵਾਂ ਤੇ ਵੀ ਹੋਇਆ ਹੈ।ਪਰ ਅਪਹਰਣ ਦੀ ਤਾਂ ਕੋਈ ਉਮਰ ਨਹੀਂ ਹੁੰਦੀ।ਇਸਦੀਆਂ ਜੜ੍ਹਾਂ ਵਾਰਸਾਂ ਦੀ ਸੁੱਤ ਵਿਚ ਹੁੰਦੀਆਂ ਹਨ ਅਤੇ ਜਾਗ੍ਰਿਤੀ ਵਾਲੇ ਵਾਰਸਾਂ ਦੇ ਸਾਹਮਣੇ ਅਪਹਰਣ ਦੀ ਸਿਆਸਤ ਦਾ ਕੋਈ ਵਜੂਦ ਨਹੀਂ ਹੁੰਦਾ।ਸਿਆਸਤਦਾਨਾਂ ਨੇ ਬੇਸ਼ਕ ਧਰਮ ਦਾ ਵੀ ਮੰਡੀਕਰਣ ਕਰ ਲਿਆ ਹੈ ਅਤੇ ਇਸ ਹਾਲਤ ਵਿਚ ਜ਼ਿੰਦਗੀ ਦੀਆਂ ਮਜਬੂਰੀਆਂ ਅਤੇ ਸੋਚਣ ਦੀ ਨੈਤਿਕਤਾ ਤਨਾਉ ਵਿਚ ਆ ਗਈਆਂ ਹਨ।ਇਸ ਹਾਲਤ ਨਾਲ ਗੁਰੂ ਜੀ ਦੀ ਬਖਸ਼ੀ ਹੋਈ ਜੁਗਤਿ ਮੁਤਾਬਿਕ ਨਿਪਟਣ ਲਈ, ਅਕਾਦਮਿਕ ਸੈਮੀਨਾਰਾਂ ਵਿਚ ਜਾਗਿਆਂ ਹੋਇਆਂ ਨੂੰ ਇਸ ਆਸ ਨਾਲ ਆਵਾਜ਼ ਦਿਤੀ ਜਾ ਸਕਦੀ ਹੈ ਕਿ ਜਿਸ ਨਿੱਜੀ ਗੌਂਅ-ਮੁਖੀ ਸਿਆਸਤ ਨੇ ਸਿੱਖੀ ਦੀ ਸੁਜੱਗਤਾ ਨੂੰ ਸੁੱਤ ਵਿਚ ਤਬਦੀਲ ਕਰਣ ਦਾ ਭਰਮ ਪਾਲ ਲਿਆ ਹੈ, ਉਸ ਬਾਰੇ "ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਦੀ ਸੰਗਤੀ ਸੁਰ ਵਿਚ ਸੋਚਣ ਵਾਲੇ ਪਾਸੇ ਪੈਰ ਤਾਂ ਪੁਟਣੇ ਹੀ ਚਾਹੀਦੇ ਹਨ।

ਇਸ ਬਾਰੇ ਕਿਸੇ ਨੂੰ ਕੋਈ ਦੁਬਿਧਾ ਨਹੀਂ ਹੋਣੀ ਚਾਹੀਦੀ ਕਿ ਜਥੇਦਾਰ ਟੌਹੜਾ ਟਕਸਾਲੀ ਅਕਾਲੀ ਸਨ ਅਤੇ ਇਸ ਜਜ਼ਬੇ ਨੂੰ ਉਹਨਾਂ ਨੇ ਆਖਰੀ ਸਵਾਸਾਂ ਤਕ ਇਕ ਜਾਗੇ ਹੋਏ ਸਿੱਖ ਵਾਂਗ ਸਮਰਥਾ ਅਤੇ ਹਾਲਾਤ ਮੁਤਾਬਿਕ ਬਾਖੂਬੀ ਨਿਭਾਇਆ ਵੀ ਸੀ।ਅਕਾਲੀਅਤ ਦਾ ਇਹ ਪ੍ਰਸੰਗ ਜਿਸਦੇ ਜਥੇਦਾਰ ਟੌਹੜਾ ਪ੍ਰਤੀਨਿਧ ਸਨ, ਪੰਜਾਬ ਦੇ ਆਮ ਅਦਮੀ ਨੇ ਸਿੱਖੀ ਵਜੋਂ ਗ੍ਰਹਿਣ ਕੀਤਾ ਹੋਇਆ ਸੀ ਅਤੇ ਏਸੇ ਕਰਕੇ ਜਥੇਦਾਰ ਟੌਹੜਾ ਆਮ ਸਿੱਖ ਵਾਸਤੇ ਪੰਥਕ ਸਨ ਅਤੇ ਹਨ।ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਅਕਾਲੀਆਂ ਦੀ ਅਣਵੰਡੇ ਪੰਜਾਬ ਦੇ ਪ੍ਰਸੰਗ ਵਿਚ ਅਹਿਮ ਭੂਮਿਕਾ ਰਹੀ ਸੀ ਅਤੇ ਵੰਡੇ ਹੋਏ ਪੰਜਾਬ ਵਿਚ ਵੀ ਅਕਾਲੀਆਂ ਦੀ ਭੂਮਿਕਾ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ।ਇਥੋਂ ਤਕ ਕਿ ਪੰਜਾਬ ਦੇ ਕਾਂਗਰਸੀਆਂ ਦੀ ਸਿੱਖ ਲੀਡਰਸ਼ਿਪ ਨੂੰ ਵੀ ਅਕਾਲੀ-ਦਿੱਖ ਨਾਲ ਜੁੜਕੇ ਰਹਿਣਾ ਪੈ ਰਿਹਾ ਹੈ।1947 ਵਿਚ ਜਿਹੜੀ ਸਿਆਸਤ ਸ. ਬਲਦੇਵ ਸਿੰਘ ਨਾਲ ਸ਼ੁਰੂ ਹੋਈ ਸੀ, ਉਹ ਸ. ਹੁਕਮ ਸਿੰਘ ਵਰਗੇ ਅਕਾਲੀ-ਕਾਂਗਰਸੀਆਂ ਤੋਂ ਤੁਰਕੇ ਮਹਾਰਾਜਾ ਅਮਰਿੰਦਰ ਸਿੰਘ ਤੱਕ ਪਹੁੰਚ ਗਈ ਹੈ।ਇਸ ਹਿਸਾਬ ਨਾਲ ਤਾਂ ਅਕਾਲੀਅਤ ਦੀ ਈਜਾਰੇਦਾਰੀ ਅਕਾਲੀਆਂ ਦੇ ਹੱਥੋਂ ਖਿਸਕਦੀ ਨਜ਼ਰ ਆਉਂਦੀ ਰਹੀ ਹੈ।ਜਥੇਦਾਰ ਟੌਹੜਾ ਆਮ ਸਿੱਖ ਮਾਨਸਿਕਤਾ ਦੇ ਲੀਡਰ ਹੋਣ ਕਰਕੇ, ਇਸਨੂੰ ਸਮਝਦੇ ਸਨ ਅਤੇ ਏਸੇ ਸੁਰ ਵਿਚ ਉਹ 'ਪੰਜਾਬ ਦੇ ਬਾਬਾ ਬੋਹੜ' ਹੋ ਗਏ ਸਨ।ਇਸਦੇ ਬਾਵਜੂਦ ਉਹ ਨ ਕਦੇ ਅਕਾਲੀ ਦਲ ਦੇ ਪ੍ਰਧਾਨ ਬਣ ਸਕੇ ਅਤੇ ਨ ਹੀ ਪੰਜਾਬ ਦੇ ਮੁਖ ਮੰਤਰੀ ਬਣ ਸਕੇ।ਉਹ ਨਹੀਂ ਰਹੇ ਤਾਂ ਉਹਨਾਂ ਦੇ ਹਵਾਲੇ ਨਾਲ ਇਹ ਤਾਂ ਸੋਚਿਆ ਹੀ ਜਾ ਸਕਦਾ ਹੈ ਕਿ ਕੀ ਇਹ ਪ੍ਰਾਪਤ ਸਿਆਸੀ ਢਾਂਚੇ ਦੀ ਲਾਜ਼ਮ ਲੋੜ ਸੀ ਕਿ ਅਕਾਲੀਅਤ ਦੇ ਪ੍ਰਤੀਨਿਧਾਂ ਨੂੰ "ਰਾਜ ਪ੍ਰੋਹਿਤ" ਵਰਗੀ ਸੀਮਾਂ ਤੋਂ ਅਗੇ ਨਹੀ ਜਾਣ ਦਿਤਾ ਗਿਆ ਸੀ? ਇਹ ਵੀ ਵੀਚਾਰਿਆ ਜਾਣਾ ਚਾਹੀਦਾ ਹੈ ਕਿ ਜੇ ਉਹ ਇਹਨਾਂ ਦੋਹਾਂ ਪਦਵੀਆਂ ਜਾਂ ਇਹਨਾਂ ਵਿਚੋਂ ਕਿਸੇ ਇਕ ਤੇ ਹੁੰਦੇ ਤਾਂ ਪੰਜਾਬ ਦਾ ਵਰਤਮਾਨ ਜੋ ਹੈ , ਉਹ ਨਿਰਸੰਦੇਹ

ਕੁਝ ਵੱਖਰਾ ਹੁੰਦਾ? ਇਹ ਵੀ ਵੀਚਾਰਿਆ ਜਾਣਾ ਚਾਹੀਦਾ ਹੈ ਕਿ ਜੋ ਕੁਝ ਉਹਨਾਂ ਦੇ ਬਾਵਜੂਦ ਵਾਪਰਦਾ ਰਿਹਾ ਸੀ ਅਤੇ ਜਿਸਦੇ ਉਹ ਭੁਗਤਾ ਵੀ ਰਹੇ ਸਨ, ਕੀ ਉਹ ਉਸ ਸਾਰੇ ਵਰਤਾਰੇ ਦੇ ਕਾਰਣ ਵੀ ਸਨ? ਉਹਨਾਂ ਦੀ ਭੂਮਿਕਾ ਕਦੇ ਕਦੇ ਕਰਤਾ ਦੀ ਵੀ ਲਗਦੀ ਰਹੀ ਸੀ ਕਿਉਂਕਿ ਉਹ ਗੱਦੀ ਤਕ ਲਿਜਾਂਦੇ ਵੀ ਰਹੇ ਸਨ ਅਤੇ ਗੱਦੀ ਤੋਂ ਲਾਹੁੰਦੇ ਵੀ ਰਹੇ ਸਨ।ਪਰ ਇਸਦੇ ਬਾਵਜੂਦ ਉਹ ਲਗਾਤਾਰ ਸੱਤਾ ਦੀਆਂ ਵਧੀਕੀਆਂ ਦੇ ਭੁਗਤਾ ਹੀ ਕਿਉਂ ਰਹੇ ਸਨ? ਅਕਾਲੀ-ਵਿਰੋਧੀਆਂ ਨਾਲੋਂ ਵਧ ਉਹ ਅਕਾਲੀ-ਹਮਾਇਤੀਆਂ ਭਾਵ ਆਪਣਿਆਂ ਤੋਂ ਹੀ ਮਾਰ ਕਿਉਂ ਖਾਂਦੇ ਰਹੇ ਸਨ? ਏਸੇ ਲਈ ਉਹਨਾਂ ਨੂੰ ਵਰ ਅਤੇ ਸਰਾਪ ਦੀ ਜ਼ਿੰਦਾ ਦੇਹ ਵਾਂਗ ਵੀ ਸਮਝਿਆ ਜਾ ਸਕਦਾ ਹੈ9। ਵਿਸਥਾਰ ਲਈ ਮੇਰੀ ਪੁਸਤਕ 'ਪੰਜਾਬ ਦਾ ਬਾਬਾ ਬੋਹੜ' ਵੇਖੀ ਜਾ ਸਕਦੀ ਹੈ)।ਭਾਵੇਂ ਉਹ ਸੱਤਾ ਦਾ ਕਦੇ ਬਦਲ ਨਹੀਂ ਬਣ ਸਕੇ ਸਨ ਪਰ ਸੱਤਾ ਵਿਚ ਬੈਠਿਆਂ ਲਈ ਬਦਲ ਬਣ ਸਕਣ ਦਾ ਆਤੰਕ, ਉਹ ਹਮੇਸ਼ਾ ਬਣੇ ਹੀ ਰਹੇ ਸਨ।ਉਹਨਾਂ ਦੇ ਨਾਲ ਹੋਣ ਦਾ ਲਾਭ ਬੇਸ਼ੱਕ ਨ ਹੋਇਆ ਹੋਵੇ, ਪਰ ਸਿਆਸੀ ਪਰਸੰਗ ਵਿਚ ਉਹਨਾਂ ਦੇ ਵਿਰੁਧ ਹੋਣ ਦੇ ਨੁਕਸਾਨ ਤੋਂ ਕੋਈ ਨਹੀ ਬਚ ਸਕਿਆ ਸੀ।ਇਸ ਲਈ ਉਹਨਾਂ ਬਾਰੇ ਗੱਲ ਉਹਨਾਂ ਤੋਂ ਸ਼ੁਰੂ ਹੋਕੇ ਉਹਨਾਂ ਤੇ ਹੀ ਮੁੱਕਦੀ ਰਹੀ ਹੈ, ਪਰ ਸ਼ੁਰੂ ਅਤੇ ਮੁੱਕਣ ਵਿਚਕਾਰ ਜੋ ਕੁਝ ਉਸਰਦਾ ਤੇ ਢਹਿੰਦਾ ਰਿਹਾ ਹੈ, ਇਸਨੂੰ 20ਵੀਂ ਸਦੀ ਦੀ ਧਰਮਨੁਮਾ-ਸਿਆਸਤ ਅਤੇ ਸਿਆਸਤਨੁਮਾ-ਧਰਮ ਦਾ ਸਿੱਖ-ਸੰਕਟ ਜਾਂ ਸਿਆਸੀ ਤਨਾਉ ਕਿਹਾ ਜਾ ਸਕਦਾ ਹੈ।

ਜਥੇਦਾਰ ਟੌਹੜਾ ਦਾ ਸਮਕਾਲੀ ਪੰਜਾਬ 1947 ਤੋਂ ਪਹਿਲਾਂ ਹੋਰ ਸੀ ਅਤੇ 1947 ਤੋਂ ਪਿਛੋਂ ਹੋਰ ਸੀ।ਪੰਜਾਬ ਦਾ ਭਾਰਤੀ ਪੰਜਾਬ ਉਹਨਾਂ ਦੀ ਕਰਮ-ਭੂਮੀ ਸੀ ਅਤੇ ਅਗੋਂ ਉਹ ਵੀ ਉਹਨਾਂ ਦੇ ਵੇਖਦੇ ਵੇਖਦੇ ਤਿੰਨ ਟੋਟੇ ਹੋ ਗਿਆ ਸੀ।ਦੋ ਟੋਟਿਆਂ ਦੀ ਮਾਂ ਬੋਲੀ ਹਰਿਆਣਵੀ ਅਤੇ ਹਿਮਾਚਲੀ ਜਦੋਂ ਹਿੰਦੀ ਨੇ ਸੌਖਿਆਂ ਨਿਗਲ ਲਈ ਸੀ ਤਾਂ ਪੰਜਾਬੀ ਨੂੰ ਵੀ ਸੌਖਿਆਂ ਨਿਗਲਣ ਦਾ ਲਾਲਚ ਸਮਝ ਆਉਂਦਾ ਹੈ।ਜਦੋਂ ਪੰਜਾਬੀ ਏਨੇ ਸੁਖਾਲੇ ਢੰਗ ਨਾਲ ਹਿੰਦੀ ਦੇ ਸੰਘੋਂ ਨ ਉਤਰੀ, ਤਾਂ ਸਿੱਟਾ ਜਿਹੋ ਜਿਹੀ ਸਿਆਸੀ ਲੜਾਈ ਦੇ ਰੂਪ ਵਿਚ ਨਿਕਲਿਆ, ਉਸਦੇ ਵਿਸਥਾਰ ਦੀ ਏਥੇ ਗੁੰਜਾਇਸ਼ ਨਹੀਂ ਹੈ।ਪਰ ਇਹ ਤਾਂ ਠੀਕ ਹੀ ਹੈ ਕਿ ਪੰਜਾਬੀ ਸੂਬਾ ਪਹਿਲਾਂ ਆਪਣੀ ਸਿਰਜਣਾ ਦੀ ਲੜਾਈ ਲੜਦਾ ਰਿਹਾ ਸੀ ਅਤੇ ਫਿਰ ਆਪਣੇ ਸਿਆਸੀ ਵਾਰਸ ਦੀ ਲੜਾਈ ਲਗਾਤਾਰ ਲੜੀ ਜਾ ਰਿਹਾ ਹੈ। ਪ੍ਰਾਪਤ ਸਿਆਸੀ ਢਾਂਚੇ ਵਿਚ ਸਿਆਸੀ-ਵਾਰਸ ਨੂੰ ਸਿੱਖ ਸੁਰ ਵਿਚ ਸਿਆਸੀ ਈਜਾਰੇਦਾਰੀ ਵਜੋਂ ਨਹੀਂ ਚਿਤਵਿਆ ਜਾ ਸਕਦਾ।ਪਰ ਸਿਆਸੀ-ਵਾਰਸ ਦੀ ਅਕਾਲੀ-ਈਜਾਰੇਦਾਰੀ ਦੇ ਲਾਲਚ ਨੇ ਸਿੱਖਾਂ ਦੀਆਂ ਮੂਲ ਸੰਸਥਾਂਵਾਂ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੂੰ ਆਪਸੀ ਟਕਰਾਉ ਵਿਚ ਜ਼ਰੂਰ ਲੈ ਆਂਦਾ ਹੈ।ਅਕਾਲੀ ਦਲ ਦੀਆਂ ਸਿਆਸੀ ਮਜਬੂਰੀਆਂ, ਸ਼੍ਰੋਮਣੀ ਕਮੇਟੀ ਨੂੰ ਮੂਲ ਧਾਰਮਿਕ ਜੁੰਮੇਵਾਰੀ ਤੋਂ ਥਿੜਕਾ ਰਹੀਆਂ ਹਨ।ਸਿੱਟੇ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਪੰਥਕ-ਜਲੌਅ, ਸ਼੍ਰੋਮਣੀ ਕਮੇਟੀ ਦੀ ਸਿਆਸੀ ਦਖਲਅੰਦਾਜ਼ੀ ਕਰਕੇ, ਖਤਰੇ ਵਿਚ ਪੈਂਦਾ ਜਾ ਰਿਹਾ ਹੈ? ਏਸੇ ਨੂੰ ਸਿਆਸੀ ਈਜਾਰੇਦਾਰੀ (ਕੁਨਬਾ ਸਿਆਸਤ) ਦਾ ਅਕਾਲੀ ਪ੍ਰਸੰਗ ਕਿਹਾ ਜਾ ਸਕਦਾ ਹੈ।ਇਸ ਸਿਆਸੀ ਆਪਾਧਾਪੀ ਵਿਚ ਘਟ ਗਿਣਤੀ ਅਤੇ ਬਹੁ ਗਿਣਤੀ ਦਾ ਟਕਰਾਉ ਬਚੇ ਹੋਏ ਪੰਜਾਬ ਦੀ ਹੋਣੀ ਹੋ ਗਿਆ ਹੈ।ਅੰਦਰੋਂ ਇਹ ਸ਼ਹਿਰੀ ਤੇ ਪੇਂਡੂ, ਆਮ ਤੇ ਖਾਸ ਅਤੇ ਜਟ ਤੇ ਭਾਪੇ ਦੇ ਰੂਪ ਵਿਚ ਸਾਹਮਣੇ ਆਉਂਦਾ ਰਹਿੰਦਾ ਹੈ ਅਤੇ ਬਾਹਰੋਂ ਧਰਮ ਨਿਰਪੇਖਤਾ ਦੀ ਸਿਆਸਤ ਅਤੇ ਬਹੁ ਗਿਣਤੀ ਦੀ ਸਿਆਸਤ (ਭਾਰਤੀਕਰਣ ਦੀ ਭਾਜਪਾ ਸਿਆਸਤ) ਦੀ ਮਾਰ ਹੇਠ ਰਹਿੰਦਾ ਹੈ।ਧੱਕੇ ਜਾਈਏ ਤਾਂ ਮਰਨ ਮਾਰਨ ਦੇ ਰਸਤੇ ਵੀ ਤੁਰਨਾ ਪੈ ਹੀ ਜਾਂਦਾ ਹੈ।ਇਸ ਮਜਬੂਰੀ ਨੂੰ ਪਹਿਲਾਂ ਅੰਦਰੋਂ ਭਾਈਚਾਰਕ ਸਿਆਸਤ ਦਾ ਸ਼ਿਕਾਰ ਹੋਣਾ ਪਿਆ ਸੀ ਅਤੇ ਪਿਛੋਂ 'ਅਤਿਵਾਦੀ ਗਰਦਾਨੇ ਜਾਣ' ਦੀ ਸਰਕਾਰੀ ਸਜ਼ਾ ਭੁਗਤਨੀ ਪਈ ਸੀ।ਏਸੇ ਪ੍ਰਸੰਗ ਵਿਚ ਜਥੇਦਾਰ ਟੌਹੜਾ ਨੂੰ ਕਹਿਣਾ ਪਿਆ ਸੀ ਕਿ ਸੰਤ ਹਰਚੰਦ ਸਿੰਘ ਵੀ ਸਾਡਾ ਸੀ ਅਤੇ ਉਸਦੇ ਕਾਤਲ ਵੀ ਸਾਡੇ ਸਨ।ਅਸੀਂ ਦੋਹਾਂ ਦੇ ਭੋਗਾਂ ਤੇ ਗਏ ਸੀ। ਏਨੀ ਕੂ ਗਲ ਬਚਨਬੱਧ ਸਪਸ਼ਟਤਾ ਨਾਲ ਨ ਕਹਿ ਸਕਣ ਦਾ ਖਮਿਆਜ਼ਾ, ਅਕਾਲੀ ਲੀਡਰਸ਼ਿਪ ਨੇ ਵਿਧਾਨ ਸਭਾ ਦੀ ਉਸ ਬਹਿਸ ਵੇਲੇ ਭੁਗਤ ਲਿਆ ਹੈ, ਜਿਸ ਵਿਚ ਬਾਦਲਕਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕਾਂਡ ਲਈ ਜੁੰਮੇਵਾਰ ਠਹਿਰਾਇਆ ਗਿਆ ਸੀ।ਜਥੇਦਾਰ ਟੌਹੜਾ ਦੀ ਪੰਥਕ ਸਮਰਥਾ ਬਾਰੇ ਸ. ਸੁਰਜੀਤ ਸਿੰਘ ਬਰਨਾਲਾ ਨੇ ਉਹਨਾਂ ਦੇ ਪਹਿਲੇ ਭੋਗ ਸਮੇਂ ਕਿਹਾ ਸੀ ਕਿ ਅਕਾਲੀ ਡੈਲੀਗੇਸ਼ਨਾਂ ਵਿਚ ਜਥੇਦਾਰ ਟੌਹੜਾ ਸਭ ਤੋਂ ਘਟ ਪੜ੍ਹੇ ਲਿਖੇ ਹੁੰਦੇ

ਸਨ ਪਰ ਡੈਲੀਗੇਸ਼ਨ ਦੇ ਸਪੋਕਸਮੈਨ ਉਹੀ ਹੁੰਦੇ ਸਨ। ਇਹੀ ਤਾਂ ਹੈ ਸਿੱਖੀ ਸੁਰ ਵਿਚ ਸੁਹਿਰਦਤਾ, ਬਚਨਬੱਧਤਾ ਅਤੇ ਬਜ਼ੁਰਗੀ, ਜਿਸਦੇ ਜਥੇਦਾਰ ਟੌਹੜਾ ਪ੍ਰਤੀਨਿਧ ਸਨ। ਏਸੇ ਦੇ ਪ੍ਰਸੰਗਕ ਲੇਖੇ ਜੋਖੇ ਨੂੰ ਸਦਾ ਵੀਚਾਰਿਆ ਜਾਂਦਾ ਰਹਿਣਾ ਹੈ। ਵੀਚਾਰਨ ਲਗਾਂਗੇ ਤਾਂ ਇਹ ਵੀ ਵੀਚਾਰਿਆ ਜਾਵੇਗਾ ਕਿ ਕੀ ਸਿੱਖ ਹੋਣ ਵਾਸਤੇ ਅਕਾਲੀ ਹੋਣਾ ਕੀ ਜ਼ਰੂਰੀ ਹੈ? ਏਸੇ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕੀ ਅਕਾਲੀ ਸਿਆਸਤਦਾਨ ਹੀ ਬਚੇ ਖੁਚੇ ਪੰਜਾਬ ਦੇ ਵਾਹਦ ਸਿਆਸੀ ਵਾਰਸ ਕਿਉਂ ਅਤੇ ਕਿਵੇਂ ਹੋ ਗਏ ਹਨ? ਟੌਹੜਾ ਸਾਹਿਬ ਦੇ ਹਵਾਲੇ ਨਾਲ ਹੀ ਇਸ ਸਵਾਲ ਦਾ ਜਵਾਬ ਲਭਿਆ ਜਾ ਸਕੇਗਾ ਕਿ ਨਹੀਂ,ਇਸ ਪਾਸੇ ਅਜੇ ਅਸੀਂ ਤੁਰਨਾ ਹੈ।

ਹਰ ਸਾਲ 24 ਸਤੰਬਰ ਜਥੇਦਾਰ ਟੌਹੜਾ ਦਾ ਜਨਮ ਦਿਨ ਹੁੰਦਾ ਹੈ। ਉਹਨਾਂ ਦੇ ਹਾਮੀ ਹਿਤੈਸ਼ੀ ਉਹਨਾਂ ਨੂੰ ਯਾਦ ਕਰਦਿਆਂ ਵੀਹਵੀਂ ਸਦੀ ਦੀ ਅਕਾਲੀ ਸਿਆਸਤ ਅਤੇ ਪੰਥਕ ਹੋਣੀ ਦੇ ਸਨਮੁਖ ਹੁੰਦੇ ਰਹਿੰਦੇ ਹਨ। ਇਹੋ ਜਿਹੇ ਮੌਕਿਆਂ ਤੇ ਇਹ ਵੀ ਯਾਦ ਕੀਤਾ ਜਾਂਦਾ ਰਿਹਾ ਹੈ ਕਿ ਟੌਹੜਾ ਸਾਹਿਬ ਮੌਕਾ ਮਿਲਦਿਆਂ ਹੀ ਪੰਥਕ ਸਿਆਸਤ ਵਿਚ ਦਿਲਚਸਪੀ ਲੈਣ ਵਾਲਿਆਂ ਨੂੰ ਦਸਿਆ ਕਰਦੇ ਸਨ ਕਿ ਬਲਦਾਂ ਨਾਲ ਪਹਿਰ ਦੇ ਤੜਕੇ ਹਲ ਵਾਹੁਣ ਦੇ ਨਾਲ ਨਾਲ ਉਹ ਅਕਾਲੀ ਕਾਨਫ੍ਰੰਸਾਂ ਵਿਚ ਲਗਾਤਾਰ ਹਿੱਸਾ ਲੈਂਦੇ ਰਹੇ ਸਨ। ਇਸ ਨਾਲ ਪੰਥਕ ਸਿਆਸਤ ਅਤੇ ਅਕਾਲੀ ਸਿਆਸਤ ਵਿਚ ਆ ਗਿਆ ਫਰਕ ਸਮਝਿਆ ਜਾ ਸਕਦਾ ਹੈ। ਉਹ ਪੰਥਕ ਸਿਆਸਤ ਦੇ ਮੁਦਈ ਸਨ ਅਤੇ ਅਕਾਲੀ ਸਿਆਸਤ ਉਹਨਾਂ ਨੂੰ ਕਦੇ ਰਾਸ ਨਹੀਂ ਆਈ ਸੀ। ਅਕਾਲੀ ਸਿਆਸਤ ਦਾ ਪੰਥਕ ਭਰਮ ਕਾਇਮ ਰਖਣ ਲਈ ਹੀ ਉਹਨਾਂ ਨੂੰ ਅਕਾਲੀ ਸਿਆਸਤ ਵਿਚ ਦਰ ਗੁਜ਼ਰ ਕੀਤਾ ਜਾਂਦਾ ਰਿਹਾ ਸੀ। ਪੰਥਕ ਸਿਆਸਤ ਨੂੰ ਉਹ ਬਚਨਬੱਧਤਾ ਦੀ ਨੈਤਿਕਤਾ ਸਮਝਦੇ ਸਨ ਅਤੇ ਅਕਾਲੀ ਸਿਆਸਤ ਨੂੰ ਉਹ ਮਲਕ ਭਾਗੋਆਂ ਦੀ ਸਿਆਸਤ ਸਮਝਦੇ ਸਨ। ਅਮੀਰ ਹੋਣ ਦਾ ਲਾਲਚ ਪੰਥਕ ਸਿਆਸਤ ਵਿਚੋਂ ਸਦਾ ਹੀ ਮਨਫੀ ਰਿਹਾ ਹੈ ਅਤੇ ਰਹੇਗਾ ਵੀ, ਪਰ ਅਕਾਲੀ ਸਿਆਸਤਦਾਨ ਇਸ ਤੋਂ ਬਚ ਨਹੀਂ ਸਕੇ। ਇਹੋ ਜਿਹੀਆਂ ਗਲਾਂ ਉਹਨਾਂ ਨੇ ਕੇਵਲ ਸੁਣਾਈਆਂ ਹੀ ਨਹੀਂ ਸਨ ਸਗੋਂ 'ਕੇਸਾਂ ਸੁਆਸਾਂ' ਨਾਲ ਨਿਭਾ ਵੀ ਸਨ। ਪਰ ਉਹ ਪੰਥਕ ਸਿਆਸਤ ਨੂੰ ਅਕਾਲੀ ਸਿਆਸਤ ਵਿਚ ਤਬਦੀਲ ਹੋਣ ਦੇ ਵਹਿਣ ਨੂੰ ਰੋਕ ਨਹੀਂ ਸਕੇ ਸਨ। ਅਕਾਲੀ ਸਿਆਸਤ ਦੇ ਮਜਬੂਰ ਅੰਗ ਵਾਂਗ, 1920 ਵਾਲੇ ਪੰਥਕ ਏਜੰਡੇ ਤੋਂ ਪਿੱਛੇ ਹਟਣ ਤੋਂ ਉਹ ਕਿਸੇ ਅਕਾਲੀ ਨੂੰ ਰੋਕ ਨਹੀਂ ਸਕੇ ਸਨ। ਉਹਨਾਂ ਦੇ ਸਮਕਾਲੀ ਗੁਆਹੀ ਭਰਣਗੇ ਕਿ ਆਪਣੀ ਮਜਬੂਰੀ ਦੀ ਭੜਾਸ ਉਹ ਆਪਣੇ ਭਾਸ਼ਣਾਂ ਰਾਹੀਂ ਕਢਿਆ ਕਰਦੇ ਸਨ। ਅਕਾਲੀਆਂ ਦੇ ਹੱਥੋਂ ਜੋ ਖੁਆਰੀ ਉਹਨਾਂ ਨੂੰ ਝਲਣੀ ਪਈ ਸੀ, ਉਸਨੂੰ ਉਹਨਾਂ ਦੀਆਂ ਸਿਆਸੀ ਮਜਬੂਰੀਆਂ ਦੀ ਦਾਸਤਾਨ ਦਾ ਹੀ ਹਿੱਸਾ ਕਹਿਣਾ ਚਾਹੀਦਾ ਹੈ।

ਇਹ ਵਰਤਾਰਾ ਅਜਿਹਾ ਨਹੀਂ ਹੈ ਕਿ ਸਮਝਣਾ ਹੀ ਮੁਸ਼ਕਲ ਹੋਵੇ? ਅਕਾਲੀ ਸਿਆਸਤ ਨੂੰ ਧਨਾਢ ਸਿੱਖਾਂ ਨੇ ਪੰਥਕ-ਭੱਲ ਬਨਾਈ ਰਖਣ ਲਈ ਲਗਾਤਾਰ ਵਰਤਿਆ ਜਾਂਦਾ ਰਿਹਾ ਹੈ। ਮੌਕਾ ਮਿਲਣ ਤੇ ਅਕਾਲੀਆਂ ਨੇ ਖੁਦ ਧਨਾਢ ਹੋਕੇ ਅਕਾਲੀ ਸਿਆਸਤ ਨੂੰ ਹਥਿਆਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ ਅਤੇ ਇਸ ਵਿਚ ਬਹੁਤਿਆਂ ਨੂੰ ਸਫਲਤਾ ਵੀ ਮਿਲੀ ਹੈ। ਇਸ ਵਿਚ ਮਿਲੀ ਸਫਲਤਾ ਹੀ ਪੰਜਾਬ ਦੀਆਂ ਅਕਾਲੀ ਸਰਕਾਰਾਂ ਦੀ ਹੋਣੀ ਹੋ ਜਾਂਦੀ ਰਹੀ ਹੈ। ਏਸੇ ਲਈ ਉਨ੍ਹਾਂ ਨੂੰ ਅਕਾਲੀਆਂ ਦੀ ਮਹਾਂਭਾਰਤ ਦਾ ਭੀਸ਼ਮ ਪਿਤਾਮਾ ਕਿਹਾ ਜਾ ਰਿਹਾ ਹੈ। ਉਹ ਵੇਖਦੇ ਤਾਂ ਰਹੇ ਸਨ ਪਰ ਕਰ ਕੁਝ ਨਹੀ ਸਕੇ ਸਨ। ਉਹਨਾਂ ਦੀ ਮਜਬੂਰੀ ਦਾ ਪ੍ਰਸੰਗ ਇਹ ਬਣਦਾ ਹੈ ਕਿ ਪੰਥ, ਸਿੱਖਾਂ ਦੀ ਸਮੂਹਕਤਾ ਦਾ ਨਾਮ ਹੈ। ਪਰ ਜੇ ਸਿੱਖ ਵਿਅਕਤੀਗਤ ਹੈਸੀਅਤ ਨਾਲ ਸੰਤੁਸ਼ਟ ਹੋ ਜਾਵੇ ਤਾਂ ਉਸਨੂੰ ਪੰਥਕ ਹੋਣ ਦੀ ਲੋੜ ਹੀ ਮਹਿਸੂਸ ਨਹੀ ਹੋਵੇਗੀ। ਵਿਅਕਤੀ ਆਪਣੇ ਭਵਿਖ ਦੀ ਸੁਰਖਿਅਤਾ ਤੋਂ ਅਗੇ ਨਹੀ ਸੋਚਦਾ। ਭਵਿਖ ਦੀ ਸੁਰਖਿਅਤਾ ਜੇ ਵਰਤਮਾਨ ਦੀ ਕੀਮਤ ਤੇ ਕਰਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਹੀ ਕੁਝ ਹੁੰਦਾ ਹੈ, ਜੋ ਹਰ ਰੰਗ ਦੇ ਸਿੱਖ ਸਿਆਸਤਦਾਨ ਕਰੀ ਜਾ ਰਹੇ ਹਨ। ਟੌਹੜਾ ਸਾਹਿਬ ਦੀ ਖਾਲਸਾਈ ਮਲੰਗੀ ਵਰਤਮਾਨ ਨੂੰ ਭਵਿਖ ਦੀ ਪਰਵਾਹ ਵਾਸਤੇ ਵਰਤਣ ਵਿਚ ਨਹੀਂ ਸੀ। ਉਹ ਆਪਣੇ ਵਰਤਮਾਨ ਨੂੰ ਸਿਦਕਵਾਨ ਸਿੱਖ ਵਾਂਗ ਜਿਉਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਸਨ। ਇਸ ਨਾਲ ਉਹ ਪੰਜਾਬ ਦੀ ਆਮ ਅਤੇ ਖਾਸ ਮਾਨਸਿਕਤਾ ਅੰਦਰ ਭਾਈਚਾਰਕ ਬਜ਼ੁਰਗ, ਲੋੜਵੰਦਾਂ ਦਾ ਮਦਦਗਾਰ ਅਤੇ ਪੰਥਕ ਬਚਨਬੱਧਤਾ ਦਾ ਪ੍ਰਤੀਨਿਧ ਹੋਣ ਦਾ ਪ੍ਰਭਾਵ ਛਡ ਗਏ ਸਨ।

ਸਿਆਸਤ ਪ੍ਰਧਾਨ ਸਿੱਖ ਸਮਾਜ ਨੂੰ ਜਿਸ ਕਿਸਮ ਦੇ ਰੋਲ ਮਾਡਲ ਦੀ ਲੋੜ ਹੈ, ਟੌਹੜਾ ਸਾਹਿਬ ਉਸ ਤੇ ਵੀ ਪੂਰਾ ਉਤਰਦੇ ਸਨ। ਸਿੱਖੀ, ਪੰਜਾਬ ਦੀ ਸਭਿਆਚਾਰਕ ਧਰਤੀ ਵਿਚੋਂ ਪੈਦਾ ਹੋਈ ਅਜਿਹੀ ਫਸਲ ਹੈ, ਜਿਸਨੇ ਪੰਜਾਬ ਨੂੰ ਲੋੜੀਂਦੇ ਰੋਲ ਮਾਡਲ ਦਿਤੇ ਹਨ।ਪਰ ਜਿਹੜੇ ਇਮਤਿਹਾਨਾਂ ਵਿਚੋਂ ਟੌਹੜਾ ਸਾਹਿਬ ਨੂੰ ਗੁਜ਼ਰਨਾ ਪਿਆ ਸੀ, ਉਸ ਤਰ੍ਹਾਂ ਸ਼ਾਇਦ ਕਿਸੇ ਵੀ ਇਕ-ਪਰਤੀ ਸਿੱਖ ਰੋਲ ਮਾਡਲ ਨੂੰ ਨਹੀਂ ਗੁਜ਼ਰਨਾ ਪਿਆ ਹੋਵੇਗਾ।ਏਸੇ ਲਈ ਉਹਨਾਂ ਨੂੰ ਜਨਮ ਦਿਨ ਤੇ ਯਾਦ ਕਰਦਿਆਂ ਆਮ ਸਿੱਖਾਂ ਲਈ ਰੋਲ ਮਾਡਲ ਕਿਹਾ ਜਾਂਦਾ ਰਿਹਾ ਹੈ।ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਵੋਟਾਂ ਬਟੋਰਨ ਦੀ ਕਲਾਕਾਰੀ ਨਾਲ ਸਿਆਸੀ ਲੀਡਰ ਤਾਂ ਬਣਿਆ ਜਾ ਸਕਦਾ ਹੈ, ਪਰ ਰੋਲ ਮਾਡਲ ਨਹੀਂ ਬਣਿਆ ਜਾ ਸਕਦਾ।ਰੋਲ ਮਾਡਲ ਵਾਸਤੇ ਆਮ ਲੋਕਾਂ ਦੇ ਮਨਾਂ ਵਿਚ ਵਸਣਾ ਪੈਂਦਾ ਹੈ। ਇਹ ਵਸੇਬਾ ਉਸੇ ਨੂੰ ਨਸੀਬ ਹੁੰਦਾ ਹੈ, ਜਿਸ ਕੋਲੋਂ ਗੁਰੂ ਮਿਹਰ ਕਰਕੇ ਸੇਵਕ ਹੋਣ ਦਾ ਕਾਰਜ ਕਰਵਾ ਲੈਂਦਾ ਹੈ ਅਤੇ ਇਸ ਸੁੱਚੇ ਪ੍ਰਭਾਵ ਨੂੰ ਲੋਕਾਂ ਤਕ ਪਹੁੰਚਾਉਣ ਦੇ ਵਸੀਲੇ ਵੀ ਪੈਦਾ ਕਰ ਦੇਂਦਾ ਹੈ।

ਸਿੱਖ ਸਿਆਸਤ ਜਿੰਨੀ ਸੰਕਟ ਵਿਚ ਉਹਨਾਂ ਦੇ ਵੇਖਦਿਆਂ ਵੇਖਦਿਆਂ ਹੋ ਗਈ ਸੀ, ਇੰਨੀ ਕਦੇ ਵੀ ਪਹਿਲਾਂ ਨਹੀਂ ਹੋਈ ਸੀ। ਟੌਹੜਾ ਸਾਹਿਬ ਦੇ ਅੰਤਮ ਸੁਆਸਾਂ ਤਕ ਸ਼੍ਰੋਮਣੀ ਕਮੇਟੀ ਅਕਾਲੀ ਦਲ ਦੇ ਪ੍ਰਭਾਵ ਹੇਠ ਤਾਂ ਸੀ, ਪਰ ਸਿਆਸਤ ਦੇ ਉਸ ਤਰ੍ਹਾਂ ਕਬਜੇ ਵਿਚ ਨਹੀ ਸੀ, ਜਿਸ ਤਰ੍ਹਾਂ ਉਹਨਾਂ ਦੇ ਜਾਣ ਪਿੱਛੋਂ ਹੋ ਗਈ ਹੈ।ਕਹਿਣਾ ਇਹ ਚਾਹ ਰਿਹਾ ਹਾਂ ਕਿ ਟੌਹੜਾ ਸਾਹਿਬ ਦੀ ਗੈਰ ਹਾਜ਼ਰੀ ਵਿਚ ਸ਼੍ਰੋਮਣੀ ਕਮੇਟੀ ਮੁਕੰਮਲ ਰੂਪ ਵਿਚ ਅਕਾਲੀ ਦਲ ਦੇ ਕਬਜੇ ਵਿਚ ਆ ਗਈ ਹੈ।ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਇਕਲਾ ਕੀ ਸੀ? ਟੌਹੜਾ ਸਾਹਿਬ ਨਿਰਸੰਦੇਹ ਅਕਾਲੀ ਸਨ ਅਤੇ ਉਹਨਾਂ ਦਾ ਵਾਰਸ ਉਹਨਾਂ ਵਰਗਾ ਅਕਾਲੀ ਹੋਕੇ ਹੀ ਹੋਇਆ ਜਾ ਸਕਦਾ ਹੈ।ਅਸਲ ਵਿਚ ਕਾਬਜ਼ ਅਕਾਲੀ ਧੜੇ ਨੂੰ ਤਾਂ ਉਹਨਾਂ ਦੀ ਜਿਊਂਦੇ ਜੀਅ ਹੀ ਲੋੜ ਨਹੀਂ ਸੀ ਅਤੇ ਮਰਨ ਪਿਛੋਂ ਕੀ ਹੋ ਸਕਦੀ ਹੈ।ਸਿਆਸੀ ਗਰਜ਼ਾ ਵਾਸਤੇ ਉਹਨਾਂ ਦੀ ਪੰਥਕ ਛਬੀ ਨੂੰ ਵਰਤਣ ਦੇ ਲਾਲਚ ਵਿਚ ਹੀ ਉਹਨਾਂ ਦੇ ਵਾਰਸ ਹੋਣ ਦਾ ਸਿਆਸੀ-ਦੰਭ ਵੀ ਹੋਈ ਜਾ ਰਿਹਾ ਹੈ।ਜੋ ਅਕਾਲੀਆਂ ਨੇ ਉਹਨਾਂ ਦੀ ਯਾਦ ਵਿਚ ਕੀਤਾ, ਉਸ ਨਾਲੋਂ ਕਿਤੇ ਵਧ ਕਾਂਗਰਸ ਦੀ ਵਰਤਮਾਨ ਹਕੂਮਤ ਨੇ ਉਹਨਾਂ ਦੀ ਯਾਦ ਵਿਚ ਕਰ ਵਿਖਾਇਆ ਹੈ।ਉਹਨਾਂ ਨਾਲ ਖਲੋਣ ਦੀ ਸਿਆਸੀ ਸਜ਼ਾ ਜਿੰਨ੍ਹਾਂ ਲੋਕਾਂ ਨੇ ਅਕਾਲੀ ਹਕੂਮਤ ਵੇਲੇ ਭੁਗਤੀ ਹੈ, ਉਹਨਾਂ ਨੂੰ ਬਾਦਲਕਿਆਂ ਵਲੋਂ ਕਿੰਨਾਂ ਕੁ ਮਾਨ ਸਨਮਾਨ ਮਿਲਿਆ ਹੈ, ਇਸ ਬਾਰੇ ਜਿਸਨੂੰ ਹੁਣ ਤਕ ਪਤਾ ਨਹੀਂ ਹੈ, ਉਸਨੂੰ ਦਸੇ ਜਾਣ ਦੀ ਜ਼ਰੂਰਤ ਵੀ ਕੀ ਹੈ? ਬਾਦਲ-ਟੌਹੜਾ ਸਮਝੌਤੇ ਦੇ ਸੂਤਰਧਾਰ ਮਨਜੀਤ ਸਿੰਘ ਕਲਕਤਾ ਦੀ ਭੂਮਿਕਾ ਨਾਲ ਇਹ ਸਾਬਤ ਹੋ ਗਿਆ ਸੀ ਕਿ ਟੌਹੜਾ ਸਾਹਿਬ ਬਾਦਲਕਿਆਂ ਦੀ ਸਿਆਸਤ ਨਾਲ ਕਦੇ ਵੀ ਸਹਿਮਤ ਨਹੀਂ ਸਨ।ਹੋ ਵੀ ਕਿਵੇਂ ਸਕਦੇ ਸਨ।ਬਾਦਲਕਿਆਂ ਲਈ ਸੱਤਾ ਮੁਖ ਹੈ, ਭਾਵੇਂ ਉਹ ਪੰਥ ਦੀ ਕੀਮਤ ਤੇ ਹੀ ਮਿਲਦੀ ਹੋਵੇ।ਪਰ ਟੌਹੜਾ ਸਾਹਿਬ ਦੀ ਸਿਆਸੀ ਪਹੁੰਚ ਸਦਾ ਹੀ ਇਹ ਰਹੀ ਸੀ ਕਿ ਪੰਥਕ ਬੋਲਬਾਲਿਆਂ ਵਲ ਪਿੱਠ ਕਰਣ ਦੀ ਸਿਆਸਤ ਨਹੀਂ ਕਰਣ। ਅਕਾਲੀ ਦਲ ਵਿਚ ਕੰਮ ਕਰਦਿਆਂ ਜਿਹੜੀ ਸਿਆਸੀ ਤਾਕਤ ਉਹਨਾਂ ਨੂੰ ਮਿਲੀ ਹੋਈ ਸੀ, ਉਹ ਓਨ੍ਹਾਂ ਦੀ ਸਿਆਸੀ ਛਬੀ ਦਾ ਲਾਹਾ ਲੈਣ ਵਾਸਤੇ ਬਾਦਲਕਿਆਂ ਨੂੰ ਮਜਬੂਰੀ ਵਿਚ ਦੇਣੀ ਪੈਂਦੀ ਰਹੀ ਸੀ।ਮਜਬੂਰੀ ਮੁਕਣ ਦਾ ਅਹਿਸਾਸ ਹੁੰਦਿਆਂ ਹੀ ਉਹਨਾਂ ਨੂੰ ਮਖਣ ਵਿਚੋਂ ਵਾਲ ਵਾਂਗ ਬਾਹਰ ਕਰ ਦਿਤਾ ਜਾਂਦਾ ਰਿਹਾ ਸੀ।ਹੁਣ ਜਦੋਂ ਬਾਦਲ-ਅਕਾਲੀ ਦਲ ਦੇ ਵਿਰੋਧੀ ਅਕਾਲੀ ਧੜਿਆਂ ਵਲੋਂ 'ਗੁਰਦੁਆਰਾ ਸੁਧਾਰ ਲਹਿਰ ਦੂਜੀ' ਦੀ ਆੜ ਵਿਚ ਇਕਠੇ ਹੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜਥੇਦਾਰ ਟੌਹੜਾ ਦੀ ਅਕਾਲੀ ਭੂਮਿਕਾ ਤੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ।ਇਹ ਸੋਚੇ ਜਾਣ ਦੀ ਲੋੜ ਹੈ ਕਿ ਜਿੰਨੀ ਕੂ ਲੜਾਈ ਟੌਹੜਾ ਸਾਹਿਬ ਇਕਲੇ ਲੜੀ ਜਾ ਰਹੇ ਸਨ, ਓਨੀ ਕੂ ਵੀ ਲੜਾਈ ਅਧੀ ਦਰਜਨ ਅਕਾਲੀ ਪ੍ਰਧਾਨ ਕਿਉਂ ਨਹੀ ਲੜ ਸਕਦੇ? ਪਹਿਲਾ ਕਾਰਣ ਤਾਂ ਇਹ ਹੈ ਕਿ ਪ੍ਰਧਾਨਗੀ ਦੀ ਹਉਮੈ ਰਲਕੇ ਨਹੀ ਤੁਰਨ ਦੇਂਦੀ।ਦੂਜੇ ਪ੍ਰਧਾਨਾਂ ਦੀ ਪਬਲਿਕ-ਸਾਖ ਦਾ ਮਸਲਾ ਵੀ ਹੈ।ਲੋਕਾਂ ਤਕ ਪਹੁੰਚਣ ਦੀ ਥਾਂ, ਲੋਕਾਂ ਨੂੰ ਘਰ ਬੈਠੇ ਉਡੀਕੀ ਜਾ ਰਹੇ ਲੀਡਰ ਟੌਹੜਾ ਸਾਹਿਬ ਤੋਂ ਕੀ ਸਿੱਖ ਸਕਦੇ ਹਨ? ਇਹੋ ਜਿਹੇ ਸਵਾਲਾਂ ਦੇ ਜਵਾਬ ਲਭਣ ਨਾਲ ਹੀ ਅੰਦਾਜ਼ਾ ਲਗ ਜਾਏਗਾ ਕਿ ਟੌਹੜਾ ਸਾਹਿ ਤੋਂ ਕੀ ਸਿਖਿਆ ਜਾ ਸਕਦਾ ਹੈ?

ਇੱਕਵੀ ਸਦੀ ਦੇ ਆਗਾਜ਼ ਨੂੰ ਧਿਆਨ ਵਿਚ ਰਖਦਿਆਂ ਸਿਖਾਂ ਅੰਦਰ ਬਹੁਤ ਰੀਝਾਂ ਸਨ ਕਿਉਕਿ 1799 ਅਤੇ 1899 ਨੂੰ ਪੰਥਕ ਸ਼ਾਨ ਨਾਲ ਨਹੀਂ ਮਨਾਇਆ ਜਾ ਸਕਿਆ ਸੀ। ਸੋ 1999 ਨੂੰ ਲਾਸਾਨੀ ਢੰਗ ਨਾਲ ਮਨਾਏ ਜਾਣ ਦੀ ਪੰਥਕ ਰੀਝ ਬੜੀ ਦੇਰ ਤੋ ਖਾਲਸਾ ਮਾਨਸਿਕਤਾ ਅੰਦਰ ਪਲ ਰਹੀ ਸੀ।ਅੰਮ੍ਰਿਤਸਰ ਦਾ ਵਿਸ਼ਵ ਸਿਖ ਸੰਮੇਲਨ ਇਸ ਵਾਸਤੇ ਤਿਆਰੀ ਸੰਮੇਲਨ ਵਜੋ ਹੀ ਕੀਤਾ ਗਿਆ ਸੀ।ਇਹ ਸੁਪਨਾਂ ਇਸ ਭਵਿਖਮੁਖੀ ਪੰਥਕ ਰੀਝ ਨੂੰ ਧਿਆਨ ਵਿਚ ਰਖਕੇ ਜਥੇਦਾਰ ਟੌਹੜਾ ਦੀ ਅਗਵਾਈ ਵਿਚ ਲਿਆ ਗਿਆ ਸੀ।ਪਰ ਅਕਾਲੀ ਸਿਆਸਤ ਵਿਚ ਜੋ ਹਾਲਾਤ ਪੈਦਾ ਹੋ ਗਏ ਸਨ, ਉਹਨਾਂ ਨੂੰ ਧਿਆਨ ਵਿਚ ਰਖਕੇ ਜੋ ਕੁਝ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਲੈਕੇ ਅਤੇ ਪ੍ਰਧਾਨ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੂੰ ਲੈਕੇ ਉਸ ਸਮੇਂ ਵਾਪਰਿਆ ਸੀ, ਉਸਨੇ ਪੰਥਕ ਰੀਝ ਨੂੰ ਕੋਰੇ ਸਿਆਸੀ ਰੰਗ ਵਿਚ ਰੰਗ ਰੰਗ ਦਿਤਾ ਸੀ।ਇਸ ਬਾਰੇ ਵਿਸਥਾਰ ਦੀ ਇਥੇ ਗੁੰਜਾਇਸ਼ ਨਹੀਂ ਹੈ ਕਿਉਂਕਿ ਇਥੇ ਤਾਂ ਕੇਵਲ ਏਨਾਂ ਹੀ ਦਸਣਾ ਹੈ ਕਿ ਸਿਖ ਸਿਆਸਤ ਵਿਚ ਜਦੋ ਕਦੇ ਇਕ ਵਿਅਕਤੀ ਦੇ ਹੱਥ ਵਿਚ ਤਾਕਤ ਆਈ ਹੈ, ਇਹੋ ਜਿਹੇ ਹਾਲਾਤ ਪੈਦਾ ਹੁੰਦੇ ਆਏ ਹਨ, ਜਿਹੋ ਜਿਹੇ ਸਿੱਖਾਂ ਵਾਸਤੇ ਅਕਾਲੀ ਸਿਆਸਤ ਦੇ ਕੇਂਦਰੀਕਰਣ ਨਾਲ ਸਾਹਮਣੇ ਆ ਰਹੇ ਸਨ। ਇਸ ਵਿਚੋ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਿਆਸੀ ਮੁੱਦੇ ਵਜੋ ਸਾਹਮਣੇ ਆ ਗਏ ਸਨ।ਨਤੀਜਨ ਪੰਥਕ ਸਰੋਕਾਰਾਂ ਵਾਲੇ ਸ਼ਾਨਾਂਮੱਤੇ ਇਤਿਹਾਸ ਦੀ ਦਾਸਤਾਨ ਨੂੰ ਅਕਾਲੀ ਸਿਆਸਤ ਦੇ ਹਾਸਲ ਵਜੋਂ ਵਰਤਿਆ ਜਾਣ ਲਗ ਪਿਆ ਸੀ।ਸਿਆਸਤ ਸਦਾ ਹੀ ਪ੍ਰਾਪਤੀਆਂ ਦਾ ਲਾਹਾ ਤਾਂ ਲੈਂਦੀ ਹੈ, ਪਰ ਗੁਆਚ ਗਏ ਨੂੰ ਨਹੀਂ ਸੰਭਾਲਦੀ।ਇਉਂ ਲਗਣ ਲਗ ਪਿਆ ਸੀ ਕਿ ਅਕਾਲੀ ਸਿਆਸਤ ਲਗਾਤਾਰ ਮੀਰੀ ਪੀਰੀ ਦੇ ਕੋਮਲ ਸਿਧਾਂਤਕ ਅਮਲ ਨੂੰ ਸਿਆਸੀ ਕੁਤਕੇ ਵਾਂਗ ਆਪਣੇ ਹੱਕ ਵਿਚ ਤਾਂ ਵਰਤਦੀ ਆ ਰਹੀ ਹੈ, ਪਰ ਇਸਦੇ ਅਧਿਆਤਮਿਕ ਅਤੇ ਨੈਤਿਕ ਅਨੁਭਵੀ ਪ੍ਰਸੰਗ ਤੋ ਹਮੇਸ਼ਾ ਅਭਿਜ ਰਹੀ ਹੈ। ਅਕਾਲੀ ਸਿਆਸਤ ਦੀ ਉਮਰ ਬੇਸ਼ੱਕ ਬਹੁਤੀ ਲੰਬੀ ਨਹੀ ਹੈ ਪਰ ਸਿਆਸੀ ਸਿਤਮਜ਼ਰੀਫੀ ਵਿਚ ਇਹ ਕਿਸੇ ਲੰਬੀ ਉਮਰ ਵਾਲੀ ਸਿਆਸੀ ਪਾਰਟੀ ਨਾਲੋ ਪਿਛੇ ਨਹੀਂ ਹੈ।ਇਸਦਾ ਜਨਮ 1920 ਵਿਚ ਹੋਇਆ ਸੀ ਅਤੇ 1947 ਤਕ ਅਕਾਲੀ ਦੇਸ਼ ਦੀ ਆਜ਼ਾਦੀ ਦੇ ਨਾਲ ਨਾਲ ਗੁਰਦੁਵਾਰਿਆਂ ਦੀ ਆਜ਼ਾਦੀ ਲਈ ਵੀ ਲੜਦੇ ਰਹੇ ਸਨ। ਆਜ਼ਾਦ ਭਾਰਤ ਵਿਚ ਅਕਾਲੀ ਸਿਆਸਤ ਨੂੰ ਉਵੇ ਹੀ ਭਾਰਤੀ ਸਰਕਾਰ ਵਿਰੁਧ ਲੜਣਾ ਪਿਆ ਹੈ ਜਿਵੇਂ ਉਹ ਅੰਗ੍ਰੇਜ਼ਾਂ ਵਿਰੁਧ ਲੜਦੇ ਰਹੇ ਆਂ ਰਹੇ ਸਨ।ਲੜਾਈ ਦਾ ਦੁਖਦਾਈ ਪਹਿਲੂ ਇਹ ਰਿਹਾ ਹੈ ਕਿ ਅਕਾਲੀ ਲੀਡਰਸ਼ਿਪ ਹਮੇਸ਼ਾ ਕੇਂਦਰ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਦੀ ਸ਼ਿਕਾਰ ਰਹੀ ਹੈ।ਬਾਬਾ ਖੜਕ ਸਿੰਘ ਨੂੰ ਜਿਉਦੇ ਜੀਅ ਜਲਾਵਤਨੀ ਦੇ ਦਿਨ ਕਟਣੇ ਪਏ ਸਨ।ਮਾਸਟਰ ਤਾਰਾ ਸਿੰਘ ਵੀ ਅੰਤਲੇ ਦਿਨਾਂ ਵਿਚ ਇਕਲੇ ਰਹਿ ਗਏ ਸਨ।ਸੰਤ ਹਰਚੰਦ ਸਿੰਘ ਦੇ ਸਸਕਾਰ ਵਿਚ ਵਰਤਮਾਨ ਅਕਾਲੀ ਲੀਡਰਸ਼ਿਪ ਦੇ ਬਹੁਤੇ ਆਗੂ ਸ਼ਾਮਲ ਹੀ ਨਹੀਂ ਹੋਏ ਸਨ।ਜਥੇਦਾਰ ਟੌਹੜਾ ਨੂੰ ਵੀ ਏਸੇ ਰਾਹ ਵਲ ਧੱਕ ਦਿਤਾ ਗਿਆ ਸੀ।ਇਸਦੇ ਬਾਵਜੂਦ ਅਕਾਲੀ ਸਿਆਸਤ ਦਾ ਅਸਲ ਮੁੱਦਾ ਹਮੇਸ਼ਾ "ਪੰਥਕ ਰਹਿਣ ਜਾ ਨ ਰਹਿਣ" ਦਾ ਹੀ ਰਿਹਾ ਹੈ।ਇਸ ਸਾਰੇ ਘਟਨਾਂ ਚੱਕਰ ਵਿਚ ਜਥੇਦਾਰ ਟੌਹੜਾ ਦਾ ਸਿਆਸੀ ਪੈਂਤੜਾ ਮੁਸਲਸਲ ਪੰਥਕ ਰਿਹਾ ਸੀ।ਪੰਥਕ ਬੋਲਬਾਲਿਆਂ ਲਈ ਦੇਸ਼ ਅਤੇ ਕਾਲ ਦੀ ਸਿਰਜਨਾਂ ਲਈ ਜੋ ਭੂਮਿਕਾ ਉਸਨੇ ਨਿਭਾਈ ਸੀ, ਉਹ ਉਸਨੂੰ ਅਕਾਲੀਆਂ ਦੇ ਜਿੰਦਾ ਸ਼ਹੀਦ ਦੀ ਕੋਟੀ ਵਿਚ ਰਖਦੀ ਆ ਰਹੀ ਹੈ।

ਸਾਰੀਆਂ ਕੌਮਾਂ ਵਿਚ ਕੌਮੀ ਪ੍ਰਾਪਤੀਆਂ ਲਈ ਜੂਝਣ ਵਾਲਿਆਂ ਨੂੰ ਮਾਨਤਾ ਦਿਤੀ ਜਾਂਦੀ ਰਹੀ ਹੈ। ਇਸ ਨੂੰ ਕੌਮੀ ਸਿਆਸਤ ਦਾ ਸ਼ਹੀਦੀ ਪ੍ਰਸੰਗ ਕਿਹਾ ਜਾ ਸਕਦਾ ਹੈ।ਇਸ ਮਾਰਗ ਤੇ ਚੱਲਣ ਵਾਲੇ ਕੌਮੀ ਅਗਵਾਈ ਕਰਦੇ ਸਮੇਂ ਜੇ ਨਿਜੀ ਹਿਤਾਂ ਦੀ ਥਾਂ ਕੌਮੀ ਬੇਹਤਰੀ ਨੂੰ ਅਪਣਾਉਂਦੇ ਰਹੇ ਹਨ ਤਾਂ ਉਸ ਲੀਡਰਸ਼ਿਪ ਦੀ ਸਾਖ ਬਹਾਲ ਹੁੰਦੀ ਰਹੀ ਹੈ।ਇਸ ਜਜਬੇ ਵਾਸਤੇ ਜਿਹੋ ਜਿਹੀ ਸਿਧਾਂਤਕ ਧਰਾਤਲ ਬਾਣੀ ਵਿਚ ਮੌਜੂਦ ਹੈ, ਉਹ ਸ਼ਾਇਦ ਇਸ ਤਰ੍ਹਾਂ ਕਿਸੇ ਹੋਰ ਕੌਮੀਅਤ ਦੇ ਧਾਰਮਿਕ ਗ੍ਰੰਥ ਵਿਚ ਪ੍ਰਾਪਤ ਨਹੀਂ ਹੈ।ਭਗਤ ਕਬੀਰ ਜੀ ਦਾ ਬਚਨ ਹੈ, ਜਿਸ ਨਾਲ ਇਸ ਧਰਨਾਂ ਦੀ ਪੁਸ਼ਟੀ ਹੋ ਜਾਂਦੀ ਹੈ:

ਗਗਨ ਦਮਾਮਾ ਬਾਜਿਓ ਪਰਿਓ ਨਿਸਾਨੈ ਘਾਉ॥

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ 1105

ਇਨ੍ਹਾਂ ਵਿਰਾਸਤੀ ਜੜ੍ਹਾਂ ਨਾਲ ਜ. ਟੌਹੜਾ ਜੁੜਕੇ ਜਿਉਣ ਦੀ ਕੋਸ਼ਿਸ਼ ਕਰਦੇ ਰਹੇ ਸਨ।ਇਸ ਤਰ੍ਹਾਂ ਸਮਕਾਲੀ ਅਕਾਲੀ ਲੀਡਰਸ਼ਿਪ ਵਿਚ ਜਥੇਦਾਰ ਟੌਹੜਾ ਵਾਹਦ ਇਕੋ ਇਕ ਅਜਿਹਾ ਲੀਡਰ ਸੀ, ਜਿਹੜਾ ਵਿਰਾਸਤੀ ਭਾਵਨਾਂ ਦੇ ਸਨਮੁਖ ਰਹਿੰਦਾ ਸੀ ਅਤੇ ਹਿੱਕ ਠੋਕਕੇ ਕਹਿੰਦਾ ਸੀ ਕਿ ਪੰਥਕ ਹਿਤਾਂ ਦੇ ਸਾਹਮਣੇ ਬਾਕੀ ਸਭ ਕੁਝ ਤੁੱਛ ਹੈ।ਇਸ ਦੀ ਉਸਨੂੰ ਲਗਾਤਾਰ ਕੀਮਤ ਵੀ ਦੇਣੀ ਪਈ ਸੀ।ਟੌਹੜਾ ਸਾਹਿਬ ਦੇ ਸਮਕਾਲੀ ਅਕਾਲੀ ਸੰਕਟ ਨੂੰ ਇਸਦੀ ਨਿਰੰਤਰਤਾ ਵਿਚ ਸਮਝੇ ਜਾਣ ਦੀ ਲੋੜ ਹੈ।ਅਕਾਲੀ ਸਿਆਸਤ ਵਿਚ ਹਾਥੀ ਤੋ ਲਾਹਕੇ ਖੋਤੇ ਤੇ ਚੜ੍ਹਾਉਣ ਦੀ ਅਪੰਥਕ ਸਿਆਸਤ ਦੀ ਗਲ ਕੋਈ ਨਵੀਂ ਨਹੀਂ ਸੀ।ਪਰ ਇਸ ਵਿਚੋ ਟੌਹੜਾ ਸਾਹਿਬ ਵਾਂਗ ਬਚਕੇ ਨਿਕਲਣਾ ਬਿਲਕੁਲ ਨਵਾਂ ਵੀ ਸੀ ਅਤੇ ਪੰਥਕ ਵੀ ਸੀ। ਸਰਕਾਰ, ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਜਦੋ ਸਿਆਸੀ ਦੁਸ਼ਮਨੀ ਵਾਸਤੇ ਇਸ ਤਰ੍ਹਾਂ ਉਤਾਰੂ ਹੋ ਜਾਣ, ਜਿਵੇਂ ਜਥੇਦਾਰ ਟੌਹੜਾ ਵਿਰੁਧ ਪ੍ਰਗਟ ਰੂਪ ਵਿਚ ਉਤਾਰੂ ਹੋ ਗਏ ਸਨ; ਤਾਂ ਇਸਤਰ੍ਹਾਂ ਬਚਣਾ ਮੁਸ਼ਕਲ ਸੀ ਜਿਵੇਂ ਟੌਹੜਾ ਬਚ ਗਏ ਸਨ।ਵਾਧਾ ਇਹ ਸੀ ਕਿ ਸਾਰੀਆਂ ਪੰਥਕ ਸੰਸਥਾਂਵਾਂ ਉਸ ਵੇਲੇ ਸਿਆਸੀ ਅਪਹਰਨ ਵਾਲੀ ਅਵਸਥਾ ਵਿਚ ਸਨ ਅਤੇ ਇਹਨਾਂ ਸੰਸਥਾਂਵਾਂ ਨਾਲ ਜੁੜੇ ਹੋਏ ਵਿਅਕਤੀਆਂ ਨੇ ਮੁਜਰਮਾਨਾਂ ਚੁੱਪ ਧਾਰ ਰਖੀ ਸੀ।ਇਸ ਸਿਆਸੀ ਆਤੰਕਣ ਵਿਚ ਵੀ ਜੇ ਇਕ ਗਰੀਬ ਸਿਖ ਟੌਹੜਾ ਸਾਹਿਬ ਵਾਂਗ ਬਚ ਗਿਆ ਸੀ ਤਾਂ ਇਸ ਨਾਲ ਉਹ ਆਪਣੇ ਵਰਗੇ ਆਪ ਹੋ ਗਏ ਸਨ।ਇਹ ਲੜਾਈ ਸਿਆਸੀ ਯਕੀਨਦਹਾਨੀ ਦੀ ਹੋ ਗਈ ਸੀ।ਸਿਆਸੀ ਈਜਾਰੇਦਾਰੀ ਦੇ ਲਾਲਚ ਨੇ ਅਤੇ ਦੂਜੀ ਲਾਈਨ ਦੇ ਅਕਾਲੀ ਲੀਡਰਾਂ ਦੀ ਅਗਿਆਨੀ ਮੌਕਾਪ੍ਰਸਤੀ ਨੇ ਹਾਲਾਤ ਹੀ ਇਹੋ ਜਿਹੇ ਹਾਲਾਤ ਪੈਦਾ ਕਰ ਦਿਤੇ ਸਨ।ਇਹ ਲੜਾਈ ਤਾਂ ਸ਼ੁਰੂ ਹੀ ਉਸ ਵੇਲੇ ਹੋਈ ਸੀ, ਜਦੋ ਪੰਥਕ ਸਿਆਸਤ ਨੂੰ ਕਾਇਮ ਰੱਖ ਸਕਣ ਦੇ ਸਾਰੇ ਹੀਲੇ ਮੁੱਕ ਗਏ ਸਨ।ਹਾਲਾਤ ਐਸੇ ਪੈਦਾ ਕਰ ਦਿਤੇ ਗਏ ਸਨ, ਜਿਸ ਵਿਚ ਮੁਜਰਮਾਨਾਂ ਚੁੱਪ ਧਾਰਨ ਦੀ ਸਿਆਸਤ ਹੀ ਕੀਤੀ ਜਾ ਸਕਦੀ ਸੀ।ਅਕਾਲੀ ਸਿਆਸਤ ਦਾ ਦੁਖਾਂਤ ਇਹ ਰਿਹਾ ਹੈ ਕਿ ਇਹ ਵਿਅਕਤੀਗਤ ਸਿਆਸੀ ਈਜਾਰੇਦਾਰੀ ਨਾਲ ਨਹੀਂ ਨਿਭ ਸਕਦੀ।ਜੋ ਕੁਝ ਮਹਾਰਾਜਾ ਰਣਜੀਤ ਸਿੰਘ ਸਮੇ ਵਾਪਰਿਆ ਸੀ, ਉਹੀ ਇਤਿਹਾਸ ਟੌਹੜਾ ਸਾਹਿਬ ਦੇ ਸਮਕਾਲ ਵਿਚ ਦੁਹਰਾਇਆ ਜਾ ਰਿਹਾ ਸੀ।ਅਕਾਲੀ ਸਿਆਸਤਦਾਨ ਭਾਵੇਂ ਭੁੱਲ ਜਾਣ, ਪਰ ਸਿਖ ਦੇ ਖਮੀਰ ਵਿਚੋਂ ਖਾਲਸਾਈ ਤੱਤ ਤਾਂ ਨਹੀਂ ਮੁੱਕ ਸਕਦੇ।ਇਸ ਜਜ਼ਬੇ ਦਾ ਜ਼ਿਕਰ ਰਤਨ ਸਿੰਘ ਭੰਗੂ ਨੇ "ਪੰਥ ਪ੍ਰਕਾਸ਼" ਵਿਚ ਇਸ ਤਰ੍ਹਾਂ ਕੀਤਾ ਹੋਇਆ ਹੈ:

> ਚਾਹਤ ਨਿਸ ਦਿਨ ਲੈਨ ਸ਼ਹੀਦੀ, ਟਰਤ ਨ ਰਣ ਤੈ ਹਵੈ ਕਰ ਗੀਦੀ
>
> ਸਾਥ ਹਜਾਰਨ ਬੀਸਕ ਲਰ ਹੈ, ਟਾਰੇ ਟਰਤ ਨ ਮਾਰੇ ਮਰ ਹੈ

ਵੇਖਣਾ ਇਹ ਹੈ ਕਿ ਇਸ ਜਜ਼ਬੇ ਨਾਲ ਕੌਣ ਖੜਾ ਹੈ ਅਤੇ ਇਸਦਾ ਆਪਣੇ ਸਿਆਸੀ ਹਿਤਾਂ ਲਈ ਸੋਸ਼ਣ ਕੌਣ ਕਰ ਰਿਹਾ ਹੈ? ਇਸੇ ਨਾਲ ਖਾਲਸਾ ਤੰਤ੍ਰ ਅਤੇ ਸੰਗਤੀ ਤੰਤ੍ਰ ਦਾ ਵਰਤਮਾਨ ਕੂਟਨੀਤਕ ਪਰਜਾ ਤੰਤ੍ਰ ਨਾਲੋ ਵਖਰੇਵਾਂ ਵੀ ਸਪਸ਼ਟ ਹੋ ਸਕਦਾ ਹੈ।ਇਸ ਨਾਲ ਕੰਧ ਤੇ ਲਿਖੇ ਹੋਏ ਸੱਚ ਨੂੰ ਵੇਖਣ ਅਤੇ ਨ ਵੇਖਣ ਦੀ ਸਿਆਸੀ ਪਹੁੰਚ ਵਿਚੋਂ ਜਥੇਦਾਰ ਟੌਹੜਾ ਦਾ ਸਿਆਸੀ ਸੰਕਟ ਸ਼ੁਰੂ ਹੋਇਆ ਸੀ।ਇਹ ਲੜਾਈ ਸ਼ੁਰੂ ਹੋਣ ਤੋਂ ਕਈ ਮਹੀਨੇ ਪਹਿਲਾਂ ਅਮਰਜੀਤ ਗ੍ਰੇਵਾਲ ਨੇ ਪੰਜਾਬੀ ਯੁਨੀਵਰਸਿਟੀ ਦੇ ਦਮਦਮਾ ਸੈਮੀਨਾਰ ਵਿਚ ਇਸਨੂੰ ਟੌਹੜਾਵਾਦ ਅਤੇ ਬਾਦਲਵਾਦ ਵਜੋਂ ਹਰ ਅਕਾਲੀ ਦੀ ਮਾਨਸਿਕਤਾ ਨਾਲ ਜੋੜਕੇ ਸਾਹਮਣੇ ਲੈ ਆਂਦਾ ਸੀ।ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਸ ਵੇਲੇ ਜੋ ਕੁਝ ਵਾਪਰਿਆ ਸੀ, ਉਸ ਦੀ ਸਿਆਸੀ ਤਿਆਰੀ ਹੋ ਚੁਕੀ ਸੀ।ਕਿਹਾ ਜਾ ਸਕਦਾ ਹੈ ਕਿ ਦਸਮ ਪਾਤਸ਼ਾਹ ਦੀ ਜੋ ਸਿਖਿਆ ਪ੍ਰਾਪਤ ਅਤੇ ਪਰਵਾਨਤ ਹੈ ਕਿ ਜਦੋ ਨਿਆਂ ਦੇ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਦੇ ਮੁੱਠੇ ਤੇ ਹੱਥ ਪਾਉਣਾ ਜਾਇਜ਼ ਹੈ, ਇਹ ਕਿਸੇ ਨ ਕਿਸੇ ਰੂਪ ਵਿਚ ਵਾਪਰਦੀ ਰਹੀ ਹੈ ਅਤੇ ਵਾਪਰਦੀ ਰਹਿਣੀ ਹ।ਇਹ ਸਿਖਿਆ ਆਪਣੀ ਜਾਹਰੀ ਕਲਾ ਵਿਖਾਉਂਦੇ ਰਹਿਣਾ ਹੈ ਕਿਉਕਿ ਇਹ ਸਰਬ ਸਮਿਆਂ ਦਾ ਸੱਚ ਹੈ।ਇਸ ਸਦੀਵੀ ਸੱਚ ਦੀ ਰੌਸ਼ਨੀ ਵਿਚ ਪੰਥਕ ਜੁੰਮੇਵਾਰੀ ਇਹ ਪੈਦਾ ਹੋਣੀ ਚਾਹੀਦੀ ਹੈ ਕਿ ਸਮਕਾਲ ਹਾਣ ਦੀ ਚੇਤਨਾਂ ਦੇ ਨਾਲ ਨਾਲ ਪੰਥਕ ਲਾਮਬੰਦੀ ਵੀ ਹੁੰਦੀ ਰਹਿਣੀ ਚਾਹੀਦੀ ਹੈ।ਇਸ ਵੱਲ ਪਿੱਠ ਕਰਕੇ ਆਪਣੀ ਆਪਣੀ ਸਿਆਸਤ ਵਾਸਤੇ ਲੜ ਰਹੀਆਂ ਅਕਾਲੀ ਧਿਰਾਂ ਨੂੰ ਚੇਤੇ ਰਹਿਣਾ ਚਾਹੀਦਾ ਹੈ ਕਿ ਫੈਸਲਾ ਤਾਂ ਪੰਥਕ ਕਸਵੱਟੀ ਤੇ ਪਰਖ ਨਾਲ ਹੀ ਹੋਣਾ ਹੈ।ਸਿਆਸੀ ਤਾਕਤ ਦੇ ਪਖੋਂ ਤਾਂ ਟੌਹੜਾ ਸਾਹਿਬ ਨਾਲੋਂ ਜੋਰਾਵਰ ਬਹੁਤ

ਲੋਕ ਸਮ ਅਤੇ ਹਨ, ਪਰ ਵੇਖਣਾ ਤਾਂ ਇਹ ਹੈ ਕਿ "ਆਸਾ ਦੀ ਵਾਰ" ਅਨੁਸਾਰ "ਖਤ੍ਰੀਆਂ ਤਾਂ ਧਰਮ ਛੋਡਿਆ ਮਲੇਛ ਭਾਖਿਆ ਗਹੀ" ਵਾਲਾ ਸੱਚ ਕਿਸ ਸਿਖ ਆਗੂ ਅਤੇ ਉਸ ਨਾਲ ਤੁਰ ਰਹੇ ਅਕਾਲੀਆਂ ਤੇ ਲਾਗੂ ਹੁੰਦਾ ਹੈ? ਜੇ ਬੀਤ ਚੁਕੀਆਂ ਸਿਆਸੀ ਘਟਨਾਵਾਂ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਪੰਥਕ ਮੁੱਦਿਆਂ ਤੇ ਬਿਨਾਂ ਸ਼ਰਤ ਸਮਝੌਤੇ ਦੀਆਂ ਸਾਰੀਆਂ ਪੇਸ਼ਕਸ਼ਾਂ ਜਥੇਦਾਰ ਟੌਹੜਾ ਵਲੋਂ ਹੀ ਹੁੰਦੀਆਂ ਰਹੀਆਂ ਸਨ। ਇਸ ਵਾਸਤੇ ਉਹਨਾ ਨੂੰ ਆਪਣਿਆਂ ਅਤੇ ਬੇਗਾਨਿਆਂ ਤੋ ਤਾਹਨੇ ਮਿਹਣੇ ਵੀ ਸੁਨਣੇ ਪੈਂਦੇ ਰਹੇ ਸਨ। ਸੋ ਸਪਸ਼ਟ ਹੈ ਕਿ ਪੰਥਕ ਸਰੋਕਾਰਾਂ ਦਾ ਤਿਆਗ ਉਨ੍ਹਾਂ ਲੋਕਾਂ ਨੇ ਵਕਤੀ ਸਿਆਸੀ ਪ੍ਰਾਪਤੀਆਂ ਲਈ ਪੰਥਕ ਕੀਮਤ ਤੇ ਕੀਤਾ ਸੀ, ਜਿਹਨਾਂ ਨੇ ਸਿਆਸੀ ਪ੍ਰਾਪਤੀਆਂ ਲਈ ਪੰਥਕ ਜੁੰਮੇਵਾਰੀਆਂ ਵਲ ਪਿੱਠ ਕਰਨ ਦੀ ਕੁਤਾਹੀ ਕੀਤੀ ਸੀ। ਇਹੋ ਜਿਹੀਆਂ ਸਥਿਤੀਆਂ ਵਿਚੋਂ ਨਿਕਲਣ ਵਾਸਤੇ ਪੰਜਾਬ ਕੋਲ ਆਮ ਕਰਕੇ ਅਤੇ ਸਿਖਾਂ ਕੋਲ ਖਾਸ ਕਰਕੇ ਪੰਥਕ ਵਿਧੀ ਵਿਚ ਦੋ ਰਾਹ ਪ੍ਰਾਪਤ ਰਹੇ ਹਨ- ਪਹਿਲਾ ਰਾਹ ਇਹ ਸਮਝ ਲੈਣ ਦਾ ਹੈ ਕਿ "ਕੱਚੇ ਪਿੱਲੇ ਝੜ ਗਏ ਹਨ" ਅਤੇ ਤੱਤ ਖਾਲਸੇ ਨੂੰ ਗੁਰੂ ਵਲੋ ਬਖਸ਼ੇ ਮਾਰਗ ਤੇ ਗਿਣਤੀ ਦੀ ਪਰਵਾਹ ਕੀਤੇ ਬਿਨਾਂ ਚਲਦੇ ਰਹਿਣਾ ਚਾਹੀਦਾ ਹੈ। ਦੂਜਾ ਰਾਹ ਇਹ ਹੈ ਕਿ ਅਰਦਾਸ ਵਿਚ ਭਰੋਸਾ ਰਖਕੇ "ਖੁਆਰ ਹੋਏ ਸਭ ਮਿਲਹਿੰਗੇ" ਅਨੁਸਾਰ ਉਡੀਕ ਕਰਦਿਆਂ ਧਰਮ ਯੁੱਧ ਲੜਨਾ ਚਾਹੀਦਾ ਹੈ। ਦੋਵੇਂ ਰਾਹ ਪਰੰਪਰਕ ਹਨ ਅਤੇ ਇਕਲਿਆਂ ਤੁਰ ਸਕਣ ਦੀ "ਸਵਾ ਲੱਖੀ" ਭਾਵਨਾਂ ਵਾਲੇ ਸਬਰ ਸੰਤੋਖ ਦੀ ਮੰਗ ਕਰਦੇ ਹਨ। ਦੋਹਾਂ ਹੀ ਹਾਲਤਾਂ ਵਿਚ ਰਾਹ ਉਹੀ ਨਿਕਲਦਾ ਰਿਹਾ ਹੈ,ਜਿਹੜਾ ਜਥੇਦਾਰ ਟੌਹੜਾ ਦੀ ਅਗਵਾਈ ਵਿਚ ਸ਼ੁਰੂ ਹੋ ਚੁਕਾ ਸੀ। ਇਹ ਗਲ ਪਈ ਲੜਾਈ ਨਹੀ ਸੀ। ਇਹ ਤਾਂ ਪੰਥਕ ਵੰਗਾਰ ਸੀ। ਇਸ ਤੋਂ ਭਜਿਆ ਤਾਂ ਜਾ ਸਕਦਾ ਸੀ ਪਰ ਮੁੱਕਰਿਆ ਨਹੀਂ ਜਾ ਸਕਦਾ ਸੀ। ਜੋ ਕੋਈ ਇਹੋ ਜਿਹੇ ਹਾਲਾਤ ਵਿਚੇ ਆਗੂ ਦੀ ਭੂਮਿਕਾ ਨਿਭਾਏਗਾ, ਉਸ ਨੂੰ ਜ਼ਿੰਦਾ ਸ਼ਹੀਦ ਦੀ ਕੋਟੀ ਵਿਚ ਹੀ ਗਿਣਿਆ ਜਾਏਗਾ।

ਅਕਾਲੀ ਸਿਆਸਤ ਨੇ ਬਹੁਤ ਸਾਰੇ ਕਾਰਣਾ ਕਰਕੇ ਮੂਲ ਖਾਲਸਾ ਸਰੋਕਾਰਾਂ ਦਾ ਅਪਹਰਣ ਹੋ ਜਾਣ ਦੀ ਆਗਿਆ ਦੇਈ ਰਖੀ ਹੈ। ਇਸ ਨਾਲ ਅਕਾਲੀਆਂ ਦੀਆਂ ਜੜ੍ਹਾਂ ਆਪਣੇ ਆਪ ਸਿਖ ਸਿਧਾਂਤ, ਸਿਖ ਇਤਿਹਾਸ ਅਤੇ ਸਿਖ ਰਹਿਤ-ਮਰਯਾਦਾ ਵਿਚੋਂ ਉਖੜਦੀਆਂ ਰਹੀਆਂ ਹਨ। ਏਸੇ ਕਰਕੇ ਸਰਕਾਰੀ ਸਿਖ, ਕੋਸ਼ਿਸ਼ ਕਰਣ ਦੇ ਬਾਵਜੂਦ ਕਿਸੇ ਵੀ ਪੰਥਕ ਪਰੰਪਰਾ ਵਿਚ ਨਜਰ ਨਹੀਂ ਆਉਂਦੇ। ਏਸੇ ਦਾ ਸਿੱਟਾ ਹੈ ਕਿ ਬਾਕੀ ਸਿਆਸੀ ਪਾਰਟੀਆਂ ਦੀ ਸੁਰ ਵਿਚ, ਭਾਰਤ ਦੀਆਂ ਸਿਆਸੀ ਪਾਰਟੀਆਂ ਵਾਂਗ, ਅਕਾਲੀ ਪਾਰਟੀ ਵੀ ਪੰਜਾਬ ਵਿਚ ਆਪਣੀ ਸਿਆਸੀ ਸਾਖ ਗੁਆ ਚੁੱਕੀ ਹੈ। ਪਰ ਅਕਾਲੀਆਂ ਦੀ ਤਾਂ ਸਿਆਸੀ ਸਾਖ ਦੇ ਨਾਲ ਨਾਲ ਸਿਖ-ਸਾਖ ਵੀ ਗੁਆਚਦੀ ਨਜ਼ਰ ਆ ਰਹੀ ਹੈ। ਅਕਾਲੀ ਸਰਕਾਰ ਦੀ ਕਾਰਗੁਜਾਰੀ ਨੇ ਇਸਨੂੰ ਹੋਰ ਵੀ ਪੱਕਾ ਕਰ ਦਿਤਾ ਸੀ। ਜਥੇਦਾਰ ਟੌਹੜਾ ਕਿਉਕਿ ਟਕਸਾਲੀ ਅਕਾਲੀ ਸਨ ਅਤੇ ਉਸ ਵੇਲੇ ਦੀ ਅਕਾਲੀ ਸਰਕਾਰ ਦੇ ਨਿਰਮਾਤਾ ਵੀ ਸਨ,ਇਸ ਲਈ ਉਹਨਾਂ ਦੀ ਸਾਖ ਨੂੰ ਵੀ ਧੱਕਾ ਤਾਂ ਲਗਿਆ ਸੀ ਅਤੇ ਆਮ ਸਿਖ ਉਹਨਾਂ ਤੇ ਵੀ ਇਤਬਾਰ ਨਹੀਂ ਕਰ ਰਿਹਾ ਸੀ। ਚੋਣਾ ਦੇ ਸਾਰੇ ਹੀ ਨਤੀਜੇ ਇਸ ਗਲ ਦੀ ਪੁਸ਼ਟੀ ਕਰ ਦੇਂਦੇ ਹਨ। ਸਰਕਾਰ ਨੂੰ ਇਹ ਗਲ ਠੀਕ ਬੈਠਦੀ ਰਹੀ ਹੈ ਕਿਉਕਿ ਸਰਕਾਰ ਤਾਕਤ ਅਤੇ ਪੈਸੇ ਦੇ ਜੋਰ ਨਾਲ ਉਹੋ ਜਿਹੇ ਹਾਲਾਤ ਪੈਦਾ ਕਰ ਸਕਦੀ ਹੈ, ਜਿਹੋ ਜਿਹੇ ਜਥੇਦਾਰ ਟੌਹੜਾ ਵਿਰੁਧ ਵਰਤੇ ਜਾ ਸਕਦੇ ਸਨ। ਇਸ ਦੇ ਬਾਵਜੂਦ ਪੈਦਾ ਹੁੰਦੇ ਰਹੇ ਪੰਥਕ ਖਿਲਾਅ ਵਿਚ ਆਸ ਦੀ ਕਿਰਣ ਸਦਾ ਜਥੇਦਾਰ ਟੌਹੜਾ ਨੂੰ ਹੀ ਪਰਵਾਨ ਕੀਤਾ ਜਾਂਦਾ ਰਿਹਾ ਸੀ। ਇਹੋ ਜਿਹੀ ਭੂਮਿਕਾ ਨਾਜ਼ਕ ਵੀ ਹੁੰਦੀ ਹੈ ਅਤੇ ਜੋਖਮ ਭਰੀ ਵੀ ਹੁੰਦੀ ਹੈ। ਇਸ ਨਾਲ ਉਹੀ ਨਿਭ ਸਕਦਾ ਹੈ, ਜਿਸ ਅੰਦਰ "ਪ੍ਰੇਮ ਖੇਲਨ ਕਾ ਚਾਉ---" ਦਾ ਪੰਥਕ ਜਜਬਾ ਕਿਸੇ ਨ ਕਿਸੇ ਰੂਪ ਵਿਚ ਧੁਖ ਰਿਹਾ ਹੋਵੇਗਾ। ਪੰਥਕ ਬਚਨਬੱਧਤਾ ਦੇ ਇਸ ਮਧਮ ਖਿੜਾਉ ਦਾ ਸਬੂਤ ਟੌਹੜਾ ਸਾਹਿਬ ਇਕ ਤੋਂ ਵਧ ਵਾਰ ਦੇਂਦੇ ਰਹੇ ਸਨ ਕਿਉਂਕਿ ਅੰਤਾਂ ਦੀਆਂ ਸਿਆਸੀ ਤੱਦੀਆਂ ਵਿਚ ਵੀ ਜਥੇਦਾਰ ਟੌਹੜਾ ਆਪਣੀ ਸਿਆਸੀ ਛਬੀ ਨੂੰ ਬੇਦਾਗ ਰਖਣ ਵਿਚ ਜਿਸਤਰ੍ਹਾਂ ਸਫਲ ਹੋਣ ਦਾ ਸਿੱਕਾ ਮੰਨਵਾਉਂਦੇ ਰਹੇ ਸਨ, ਉਸ ਵਿਚ ਉਹਨਾਂ ਦਾ ਕੋਈ ਸਾਨੀ ਸਾਰੇ ਭਾਰਤ ਵਿਚ ਨਜਰ ਨਹੀ ਆਉਦਾ ਸੀ। ਇਹੋ ਜਿਹੀ ਛਬੀ ਕਿਸੇ ਵੇਲੇ ਕਾਂਗਰਸ ਵਿਚ ਮਹਾਤਮਾ ਗਾਂਧੀ ਦੀ ਸੀ। ਅਕਾਲੀਆਂ ਦਾ ਗਾਂਧੀ ਹੋ ਜਾਣ ਵਿਚ ਸਭ ਤੋ ਵਡੀ ਰੁਕਾਵਟ ਉਹ ਆਪ ਹੀ ਸਨ। ਸੱਚ ਤੇ ਇਕਲਿਆਂ ਅਤੇ ਐਲਾਨੀਆ ਪਹਿਰਾ ਦੇਣ ਦਾ ਸਿਆਸੀ ਸਾਹਸ ਨ ਜੁਟਾ ਸਕਣ ਕਰਕੇ, ਉਹ ਸਿਖ ਮਾਨਸਿਕਤਾ ਵਿਚ ਕਮਜੋਰ ਸਿਆਸਤਦਾਨ ਵਜੋਂ ਪਰਵੇਸ਼ ਵੀ ਕਰਦੇ ਰਹੇ ਸਨ। ਜਥੇਦਾਰ ਟੌਹੜਾ ਦੇ ਵਿਰੋਧੀਆਂ ਨੇ ਇਸਨੂੰ ਪੱਕਿਆਂ ਕਰਣ ਲਈ ਸਾਰੀ ਸ਼ਕਤੀ ਲਾਈ ਹੋਈ ਸੀ। ਉਹਨਾਂ ਦੀ ਸੰਕਟਾਂ ਸਮੇਂ ਭੂਮਿਕਾ ਨਾਲ ਇਹ ਭਰਮ ਦੂਰ ਹੋ ਜਾਣਾ

ਚਾਹੀਦਾ ਸੀ ਕਿ ਜਦੋਂ ਪਿਛੇ ਮੁੜਣ ਦੀ ਜਾਂ ਜੋੜ ਤੋੜ ਦੀ ਸਿਆਸਤ ਕਰਣ ਦੀ ਸੰਭਾਵਨਾਂ ਹੀ ਨ ਹੋਵੇ ਤਾਂ ਇਸਨੂੰ ਆਮ ਸਿਖ ਤਕ ਪਹੁੰਚਾਉਣ ਵਾਸਤੇ ,ਉਹਨਾਂ ਨੂੰ ਆਪਣੀ ਸਿਆਸੀ ਸ਼ੈਲੀ ਬਦਲ ਲੈਣੀ ਚਾਹੀਦੀ ਸੀ।ਇਸ ਸੇਧ ਵਿਚ ਉਹ ਤੁਰ ਵੀ ਰਹੇ ਸਨ ਅਤੇ ਨਹੀਂ ਵੀ ਤੁਰ ਰਹੇ ਸਨ।ਏਸੇ ਲਈ ਮੈਨੂੰ ਉਹ ਪੰਥਕ ਕਰਮਭੂਮੀ ਦੇ ਜਿੰਦਾ ਸ਼ਹੀਦ ਲੱਗਦੇ ਰਹੇ ਸਨ।ਪੰਥ ਵਿਚ ਸ਼ਹੀਦਾਂ, ਸੂਰਮਿਆਂ, ਆਗੂਆਂ ਅਤੇ ਸ਼ਾਇਰਾਂ ਦੀ ਕਦੇ ਘਾਟ ਨਹੀਂ ਰਹੀ, ਪਰ ਸਮੇਂ ਤੇ ਸਵਾਰੀ ਹਰ ਕਿਸੇ ਦੇ ਹਿੱਸੇ ਨਹੀਂ ਆਉਦੀ ਰਹੀ।ਸ਼ਾਹਸਵਾਰ ਹੋਣ ਲਈ ਮਾਅਨੀਖੇਜ਼ ਪਲਾਂ ਦੀ ਸੰਭਾਲ ਉਵੇਂ ਹੀ ਕਰਣੀ ਪੈਂਦੀ ਹੈ, ਜਿਵੇਂ ਗੁਰੂ ਜੀ ਨੇ ਟੌਹੜਾ ਤੋ ਕਰਵਾ ਲਈ ਸੀ। ਜਥੇਦਾਰ ਟੌਹੜਾ ਦੇ ਕਮਜੋਰ ਪਲਾਂ ਦੀ ਦਾਸਤਾਨ ਮੈਨੂੰ ਹੋਰ ਵੀ ਹੁਸੀਨ, ਸਿਖਿਆਦਾਇਕ ਅਤੇ ਮਾਨਵੀ ਲਗਦੀ ਰਹੀ ਸੀ।ਉਦਾਸ ਪਲਾਂ ਵਿਚ ਉਹ ਬਚਿਆਂ ਵਾਂਗ ਢੇਰੀ ਢਾਹਕੇ ਬੈਠ ਜਾਂਦੇ ਵੀ ਵੇਖੇ ਗਏ ਸਨ।ਪਰ ਇਹ ਉਹਨਾਂ ਦੇ ਸੁਭਾ ਦਾ ਵਕਤੀ ਤੇ ਜਜਬਾਤੀ ਪਹਿਲੂ ਹੁੰਦਾ ਸੀ।ਆਪਣੇ ਹੱਕ ਵਿਚ ਉਹਨਾਂ ਦੀਆਂ ਅਕੱਟ ਦਲੀਲਾਂ ਵਿਚ ਸੁਨਣ ਵਾਲਿਆਂ ਨੂੰ ਨਾਲ ਤੋਰ ਲੈਣ ਦੀ ਸ਼ਕਤੀ ਅਥਾਹ ਹੁੰਦੀ ਸੀ।ਪਾਰਲੀਮੈਂਟ ਦੀ ਇਲੈਕਸ਼ਨ ਅਕਾਲੀ ਸਾਰੇ ਪੰਜਾਬ ਵਿਚੋਂ ਹਾਰੇ ਸਨ ਪਰ ਪਟਿਆਲੇ ਦੀ ਹਾਰ ਨੂੰ ਲੈਕੇ ਉਹ ਲੋੜ ਨਾਲੋ ਵਧ ਉਦਾਸ ਸਨ।ਜਦੋਂ ਮੈਂ ਪਹੁੰਚਿਆ ਤਾਂ ਉਸ ਵੇਲੇ ਕੁਝ ਸੀਨੀਅਰ ਅਕਾਲੀ ਉਥੇ ਅਫਸੋਸ ਕਰਣ ਵਾਂਗ ਬੈਠੇ ਹੋਏ ਸਨ।ਟੌਹੜਾ ਸਾਹਿਬ ਨੇ ਉਸ ਦਿਨ "ਆਉ ਬਾਬਾ ਬਲਕਾਰ ਸਿੰਘ ਜੀ" ਨਹੀਂ ਕਿਹਾ ਸੀ ਅਤੇ ਮੈ ਹਾਲਾਤ ਦਾ ਅੰਦਾਜਾ ਲਾ ਲਿਆ ਸੀ। ਟੌਹੜਾ ਸਾਹਿਬ ਦੀਆਂ ਦਲੀਲਾਂ ਦੀ ਕੁੱਟ ਤੋ ਬਚਣ ਦਾ ਇਕੋ ਹੀ ਤਰੀਕਾ ਹੁੰਦਾ ਸੀ ਕਿ ਪਹਿਲਾਂ ਹੀ ਮੋਰਚਾ ਮੱਲ ਲਵੋ।ਮੈ ਅਖਬਾਰਾਂ ਪੜ੍ਹਕੇ ਗਿਆ ਸੀ ਅਤੇ ਉਹਨਾਂ ਨੇ ਅਜੇ ਪੜ੍ਹੀਆਂ ਨਹੀ ਸਨ।ਪਾਰਲੀਮੈਂਟ ਦੇ ਨਤੀਜਿਆਂ ਨੂੰ ਲੈਕੇ ਇਹ ਆਮ ਸਹਿਮਤੀ ਸੀ ਕਿ ਪੰਜਾਬ ਦੀ ਸਿਆਸਤ ਦਾ ਰਾਜ ਤਿਲਕ ਉਹਨਾਂ ਤੋ ਬਿਨਾਂ ਹੋਰ ਕੋਈ ਨਹੀ ਲਾ ਸਕਦਾ।ਇਹ ਵੀ ਦਲੀਲ ਦਿਤੀ ਜਾ ਰਹੀ ਸੀ ਕਿ ਜੇ ਲੋਕ ਨਾਲ ਨਹੀਂ ਹਨ ਤਾਂ ਕਾਹਦੇ ਲਈ ਅਤੇ ਕੀਹਦੇ ਵਾਸਤੇ ਸਿਆਸਤ ਕਰਣੀ ਹੈ? ਇਸ ਦਲੀਲ ਦਾ ਕਿਸੇ ਕੋਲ ਕੋਈ ਉਤਰ ਨਹੀਂ ਸੀ।ਪਰ ਗਲ ਚਲਦੀ ਚਲਦੀ ਪੰਥਕ ਸਿਆਸਤ ਤੇ ਆ ਗਈ ਸੀ ਅਤੇ ਹਵਾਲੇ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ ਅਤੇ ਸ਼ਾਮ ਸਿੰਘ ਅਟਾਰੀ ਦੇ ਸ਼ੁਰੂ ਹੋ ਗਏ ਸਨ।ਹਾਲਾਤ ਦੀ ਸਿਤਮਜ਼ਰੀਫੀ ਜਦੋਂ ਉਹਨਾਂ ਨੂੰ ਬਚਪਨੇ ਵਲ ਧੱਕ ਦੇਦੀ ਸੀ ਤਾਂ ਪੰਥਕ ਜਲੌ ਦੇ ਹਵਾਲੇ ਸ਼ਹੀਦੀ ਦੇ ਜਜਬੇ ਵਰਗਾ ਟੌਹੜਾ ਸਾਹਿਬ ਨੂੰ ਬਲ ਵੀ ਬਖਸ਼ ਦੇਂਦੇ ਸਨ।ਇਹ ਬਖਸ਼ਿਸ਼ ਹੀ ਕਹਿਣੀ ਚਾਹੀਦੀ ਹੈ ਅਤੇ ਇਸੇ ਗੁਣ ਕਰਕੇ ਉਹ ਪੰਥਕ ਸਿਆਸੀ ਛਬੀ ਦੇ ਮਾਲਕ ਹੁੰਦੇ ਰਹੇ ਸਨ।ਉਹਨਾਂ ਤੇ ਇਹ ਇਲਜ਼ਾਮ ਗਲਤ ਹੈ ਕਿ ਉਹ ਲੜਨਾਂ ਨਹੀਂ ਚਾਹੁੰਦੇ ਸਨ ਬਲਕਿ ਸੱਚ ਇਹ ਹੈ ਕਿ ਉਹਨਾਂ ਨੂੰ ਪਤਾ ਸੀ ਕਿ ਪੰਜਾਬ ਦਾ ਆਮ ਸਿਖ ਪਹਿਲਾਂ ਤਾਂ ਲੜਨਾ ਹੀ ਨਹੀ ਚਾਹੁੰਦਾ ਅਤੇ ਜਿਥੇ ਕਿਤੇ ਜੁਝਾਰੂ ਜਜਬਾ ਕਾਇਮ ਸੀ, ਉਸ ਨੂੰ ਪਹਿਲਾਂ ਹੀ ਜੁਝਾਰੂਆਂ ਦੇ ਨਾਮ ਤੇ ਚਲੀ ਲੜਾਈ ਨੇ ਮਿੱਧ ਦਿਤਾ ਸੀ।ਰਹਿੰਦੀ ਕਸਰ ਅਕਾਲੀ ਸਰਕਾਰ ਦੀ ਸਿੱਖ ਮਸਲਿਆਂ ਪ੍ਰਤੀ ਬੇਰੁਖੀ ਨੇ ਕੱਢ ਦਿਤੀ ਸੀ।ਕੁਲ ਮਿਲਾਕੇ ਨਤੀਜਾ ਇਹ ਸੀ ਕਿ ਲੋਕਾਂ ਨੂੰ ਅਕਾਲੀ ਲੀਡਰਸ਼ਿਪ ਤੇ ਇਤਬਾਰ ਹੀ ਨਹੀਂ ਰਿਹਾ ਸੀ।ਜਥੇਦਾਰ ਟੌਹੜਾ ਠੀਕ ਹੀ ਕਹਿੰਦੇ ਹੁੰਦੇ ਸਨ ਕਿ ਇਹੋ ਜਿਹੇ ਹਾਲਾਤ ਵਿਚ ਕੋਈ ਲੜਾਈ ਕਿਵੇਂ ਲੜੀ ਜਾ ਸਕਦੀ ਹੈ? ਪਰ ਉਹ ਇਸ ਗਲ ਤੇ ਸਹਿਮਤ ਸਨ ਕਿ ਇਹ ਲੜਾਈ ਜੇ ਹੁਣ ਨ ਲੜੀ ਗਈ ਤਾਂ ਗੁਰੂ ਜੀ ਵਲੋਂ ਸਿਖ ਉਤੇ ਕੀਤੇ ਗਏ ਭਰੋਸੇ ਦਾ ਅਪਮਾਨ ਵੀ ਹੋਵੇਗਾ ਅਤੇ ਅਪੰਥਕ ਸ਼ਕਤੀਆਂ ਅਗੇ ਲੰਮੇ ਪੈਣਾ ਵੀ ਹੋਵੇਗਾ।ਅਜਿਹਾ ਉਦੋਂ ਹੀ ਵਾਪਰਦਾ ਰਿਹਾ ਹੈ ਜਦੋਂ ਸਿਖ ਦਾ ਸਿਦਕ ਹਾਰ ਜਾਂਦਾ ਰਿਹਾ ਹੈ ਅਤੇ "ਭਰਮ ਭਉ" ਦਾ ਬੋਲਬਾਲਾ ਹੋ ਜਾਂਦਾ ਰਿਹਾ ਹੈ।ਭਾਈ ਗੁਰਦਾਸ ਜੀ ਦਾ ਬਚਨ ਹੈ ਕਿ ਸਿਖ ਇਹਨਾਂ ਕਮਜੋਰੀਆਂ ਤੋ ਪੰਥਕ ਚੇਤਨਾ ਅਤੇ ਵਿਸ਼ਵਾਸ਼ ਰਾਹੀਂ ਬਚ ਸਕਦਾ ਹੈ:

ਜੇ ਗੁਰੁ ਸਾਂਗਿ ਵਰਤਦਾ ਦੁਬਿਧਾ ਚਿਤਿ ਨ ਸਿਖਾਂ ਕੇਰੇ।26/30

ਇਹ ਸਿੱਖ ਸ਼ਰਧਾ ਦੇ ਸਕਰਮਕ ਗੁਣ ਹਨ ਅਤੇ ਇਹਨਾਂ ਗੁਣਾਂ ਦੀ ਟੌਹੜਾ ਸਾਹਿਬ ਤੋ ਆਸ ਕੀਤੀ ਗਈ ਸੀ।ਇਸ ਤੇ ਉਹ ਪੂਰੇ ਵੀ ਉਤਰੇ ਸਨ।ਉਹਨਾਂ ਨੇ ਚੁਫੇਰੇ ਪਸਰੀ ਸਿਆਸਤ ਨੂੰ ਜਿਸਤਰ੍ਹਾਂ ਵੇਖ ਲਿਆ ਸੀ, ਉਸ ਤੋਂ "ਚਖਿ ਛੋਡੀ ਸਹਸਾ ਨਹਿ ਕੋਇ" ਦੇ ਅਨੁਭਵ ਨਾਲ ਉਹ ਜੁੜੇ ਹੋਏ ਲਗਣ ਲਗ ਪਏ ਸਨ।ਅਧਿਆਤਮਿਕ ਭਾਸ਼ਾ ਵਿਚ ਇਸਨੂੰ ਜੀਵਨ ਮੁਕਤ ਆਖਿਆ ਗਿਆ ਹੈ ਅਤੇ ਪੰਥਕ ਸੁਰ ਵਿਚ ਇਹ ਜ਼ਿੰਦਾ ਸ਼ਹੀਦੀ ਕਹੀ ਜਾ ਸਕਦੀ ਹੈ।ਆਮ ਭਾਸ਼ਾ ਵਿਚ ਇਹ

ਮਲੰਗੀ ਹੈ।ਇਹ ਜਜ਼ਬਾ ਪੰਥਕ ਅਸੂਲ ਦੀ ਪਾਲਨਾਂ ਵਿਚੋ ਪੈਦਾ ਹੁੰਦਾ ਰਿਹਾ ਹੈ ਅਤੇ ਇਸ ਵਾਸਤੇ ਜਿੰਦਗੀ ਤਕ ਵਾਰ ਦੇਣ ਦੀ ਦ੍ਰਿੜ੍ਹਤਾ ਉਸ ਵੇਲੇ ਆਪਣੇ ਆਪ ਪੈਦਾ ਹੋ ਜਾਂਦੀ ਰਹੀ ਹੈ ਜਦੋਂ ਗੁਰੂ ਇਹ ਸੇਵਾ ਸਿਖ ਤੋਂ ਲੈਣਾ ਚਾਹੁੰਦਾ ਹੈ। ਜਥੇਦਾਰ ਟੌਹੜਾ ਤਾਂ ਪਹਿਲਾਂ ਹੀ ਜਿੰਦਗੀ, ਪੰਥ ਦੇ ਲੇਖੇ ਲਾਈ ਬੈਠੇ ਸਨ।ਉਹਨਾਂ ਨੂੰ ਸਿਆਸੀ ਜੁੰਡਲੀ ਦੀਆਂ ਗੌਂਅਮੁਖੀ ਗਤੀਵਿਧੀਆਂ ਨਾਲ ਪੈਦਾ ਹੋਣ ਵਾਲੀ ਦੱਲੀ ਸਿਆਸ਼ਤ ਦਾ ਭਲੀ ਭਾਂਤ ਅਨੁਭਵ ਸੀ।ਪਾਰਟੀ ਦੇ ਅੰਦਰ ਰਹਿੰਦਿਆਂ ਉਹਨਾਂ ਦੀ ਪੰਥਕ ਆਵਾਜ ਨੂੰ ਕਦੇ ਇਕਲਿਆਂ ਕਰਕੇ ਤੇ ਕਦੇ ਪਾਰਟੀ ਦੇ ਨਾਮ ਤੇ ਦਬਾਇਆ ਜਾਂਦਾ ਰਿਹਾ ਸੀ।ਉਹ ਪੰਥਕ ਸੁਰ ਵਿਚ ਜਦੋਂ ਫੈਸਲਿਆਂ ਤੇ ਪਹਿਰਾ ਦੇਣ ਲਗਦੇ ਸਨ, ਉਸ ਵੇਲੇ ਮੀਸਣੀ ਸਿਆਸਤ ਨਾਲ ਉਨ੍ਹਾਂ ਨੂੰ ਇਕੱਲਿਆਂ ਕਰਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਜਾਂਦੀਆਂ ਸਨ।ਇਹੋ ਜਿਹੇ ਮਿਥਕੇ ਕੀਤੇ ਧੋਖਿਆਂ ਉਤੇ ਟਿਕੀ ਹੋਈ ਅਕਾਲੀ ਸਿਆਸਤ ਵਿਚ ਰਹਿਕੇ ਜੋ ਨੰਗੇ ਪਿੰਡੇ ਲੜਾਈ ਜਥੇਦਾਰ ਟੌਹੜਾ ਨੇ ਲਗਾਤਾਰ ਲੜੀ ਸੀ, ਉਸੇ ਦੀ ਕੀਮਤ ਉਹਨਾਂ ਨੂੰ ਕਾਫੀ ਦੇਣੀ ਪੈਂਦੀ ਰਹੀ ਸੀ।ਇਹ ਸੱਚ ਹੈ ਕਿ ਉਹਨਾਂ ਵਿਰੁਧ ਹਮਲਾ ਮਿੱਥਕੇ ਤੇ ਪੂਰੀ ਤਿਆਰੀ ਨਾਲ ਕੀਤਾ ਜਾਂਦਾ ਸੀ ਅਤੇ ਇਸ ਦੇ ਨਾਲ ਹੀ ਇਹ ਵੀ ਸੱਚ ਹੈ ਕਿ ਜਥੇਦਾਰ ਟੌਹੜਾ ਇਨ੍ਹਾਂ ਸਿਆਸੀ ਵਧੀਕੀਆਂ ਤੱਕ ਆਪ ਚੱਲਕੇ ਵੀ ਜਾਂਦੇ ਲਗਣ ਲਗ ਪੈਂਦੇ ਸਨ।ਉਹਨਾਂ ਨੂੰ ਪਾਰਟੀ ਦੇ ਵਿਚ ਰਹਿਕੇ ਅਪੰਥਕ ਸਿਆਸਤ ਦਾ ਹੁੰਗਾਰਾ ਭਰਣ ਅਤੇ ਬਾਹਰ ਨਿਕਲਕੇ ਪੰਥਕ ਸਿਆਸਤ ਲਈ ਲਹਿਰ ਚਲਾਉਣ ਵਿਚੋ ਕੋਈ ਇਕ ਰਾਹ ਚੁਨਣਾ ਪੈ ਗਿਆ ਸੀ ਕਿਉਂਕਿ ਬਾਦਲ ਸਾਹਿਬ ਨੇ ਉਸ ਵਾਸਤੇ ਆਪਣੇ ਹਿਸਾਬ ਨਾਲ ਮੌਕਾ ਪੈਦਾ ਕਰਕੇ ਟੌਹੜਾ ਸਾਹਿਬ ਨਾਲ ਧੱਕਾ ਕਰਣ ਦੀ ਸਿਆਸਤ ਕਰਦੇ ਰਹੇ ਸਨ।ਉਹਨਾਂ ਦੀ ਇਸ ਸਿਆਸੀ ਵਧੀਕੀ ਨਾਲ ਪੰਥਕ ਸਿਆਸਤ ਦੇ ਸਾਰੇ ਰਾਹ ਬੰਦ ਕਰਨ ਦੀ ਸਿਆਸਤ ਸਾਹਮਣੇ ਆ ਗਈ ਸੀ।ਉਹ ਨਹੀਂ ਰਹੇ ਪਰ ਇਹ ਸੱਚ ਕੰਧ ਤੇ ਲਿਖ ਗਏ ਹਨ ਕਿ ਜਿਹੋ ਜਿਹੇ ਪੰਥਕ ਰੋਲ ਮਾਡਲ ਦੀ ਅਕਾਲੀ ਸਿਆਸਤ ਨੂੰ ਸਦਾ ਲੋੜ ਰਹਿਣੀ ਹੈ, ਉਸੇ ਦੀ ਪਹਿਰੇਦਾਰੀ ਨੂੰ ਉਹ ਕੇਸਾਂ ਸੁਆਸਾਂ ਨਾਲ ਨਿਭਾ ਗਏ ਸਨ।

ਇਸ ਨਾਲ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਜਥੇਦਾਰ ਟੌਹੜਾ ਸਿਖਾਂ ਦੇ ਸਿਆਸਤਦਾਨਾਂ ਵਿਚਕਾਰ ਇਹੋ ਜਿਹੀ ਸ਼ਖਸ਼ੀਅਤ ਹੋ ਗਏ ਸਨ, ਜਿਸ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪਰ ਅਜੇ ਤਕ ਕਿਹਾ ਨਹੀਂ ਜਾ ਸਕਿਆ।ਉਹਨਾਂ ਦੇ ਹੋਰ ਪਖਾਂ ਨੂੰ ਛੇੜਿਆਂ ਇਸ ਲੇਖ ਦੇ ਲੰਬੇ ਹੋ ਜਾਣ ਦਾ ਖਤਰਾ ਹੈ।ਬਹੁਤ ਸਾਰੇ ਲੋਕ ਹਨ ਜੋ ਟੌਹੜਾ ਸਾਹਿਬ ਦੇ ਗਲ ਪਈ ਲੜਾਈ ਨੂੰ ਉਨ੍ਹਾਂ ਦੀ ਸਹੇੜ ਵੀ ਮੰਨਦੇ ਰਹੇ ਸਨ। ਇਹੋ ਜਿਹੇ ਲੋਕਾਂ ਦਾ ਵੀ ਕੋਈ ਘਾਟਾ ਨਹੀਂ ਹੈ, ਜਿਹੜੇ ਦੋਹਾਂ ਲੀਡਰਾਂ (ਟੌਹੜਾ ਅਤੇ ਬਾਦਲ) ਵਿਚਕਾਰ ਸਮਝੌਤੇ ਨੂੰ ਠੀਕ ਵੀ ਸਮਝਦੇ ਰਹੇ ਸਨ ਅਤੇ ਪੰਥਕ ਲੋੜ ਵੀ ਸਮਝਦੇ ਰਹੇ ਸਨ।ਪਰ ਇਸ ਗਲ ਤੋ ਤਾਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਸਿਖ ਸਿਆਸਤਦਾਨ, ਕੌਮ ਦੇ ਖਾਲਸਾ ਸਰੋਕਾਰਾਂ ਤੋ ਥਿੜਕ ਗਏ ਸਨ।ਇਹ ਕਮਜੋਰੀ ਬਾਣੀ ਨਾਲੋਂ ਟੁਟਕੇ ਆਈ ਕਹਿਣੀ ਚਾਹੀਦੀ ਹੈ।ਕਾਰਣ ਇਹ ਹੈ ਕਿ" ਪਰਮੇਸਰ ਤੇ ਭੁਲਿਆਂ ਵਿਆਪਨ ਸਭੇ ਰੋਗ" ਦਾ ਸਿਧਾਂਤ ਇਸ ਪਾਸੇ ਵਲ ਇਸ਼ਾਰਾ ਕਰ ਦੇਂਦਾ ਹੈ।ਜਦੋਂ ਸਿਆਸੀ ਪ੍ਰਸੰਗ ਵਿਚ ਕੌਮੀ ਰੋਲ ਮਾਡਲ ਫਿਹਲ ਹੋ ਜਾਣ ਤਾਂ ਸਬੰਧਤ ਸਿਆਸੀ ਪਾਰਟੀ ਦਾ ਕਾਡਰ ਕਮਜੋਰੀਆਂ ਅਤੇ ਅਗਿਆਨ ਦਾ ਸ਼ਿਕਾਰ ਹੋ ਜਾਂਦਾ ਹੈ।ਸਿਟੇ ਵਜੋ ਸਿਖ ਸਰੋਕਾਰਾਂ ਦਾ ਸਿਆਸੀਕਰਣ ਹੋ ਜਾਣ ਕਰਕੇ ਪੰਥ ਵਿਚ ਸਿਆਸੀ ਤਸ਼ੱਦਦ ਝੱਲਣ ਦੀ ਸ਼ਕਤੀ ਨੂੰ ਖੋਰਾ ਲਗਣ ਲਗ ਪੈਂਦਾ ਹੈ।ਇਹੋ ਜਿਹੇ ਮਾਹੌਲ ਵਿਚ ਸੁਖਰਹਿਣੇਪਨ ਦੇ ਲਾਲਚਾਂ ਕਰਕੇ ਸਿਆਸੀ ਦਲਾਲਾਂ ਨੂੰ ਲੀਡਰ ਮੰਨਣ ਦੀ ਕੁਤਾਹੀ ਵੀ ਹੋਣ ਲਗ ਪੈਂਦੀ ਹੈ। "ਸੁਖ ਰੋਗ ਭਇਆ" ਤੋਂ ਬਚਣ ਲਈ "ਦੁਖ ਦਾਰੂ" ਦਾ ਸਬਕ ਜੇ ਸਿਆਸਤ ਦੇ ਵਹਿਣ ਵਿਚ ਵਹਿ ਜਾਏਗਾ ਤਾਂ ਸੀਸ ਤਲੀ ਤੇ ਰਖਣ ਦੀ ਪੰਥਕਤਾ ਵਿਚੋਂ "ਪਿਦਰਮ ਸੁਲਤਾਨ ਬੂਦ" ਵਰਗੀ ਉਂਘਲਈ ਸੰਤੁਸ਼ਟੀ ਅਪੰਥਕ ਹੋਣ ਦਾ ਰਾਹ ਪਧਰਾ ਕਰ ਦੇਵੇਗੀ।ਟੌਹੜਾ ਸਾਹਿਬ ਦੇ ਹੁੰਦਿਆਂ ਇਸ ਦੀ ਸ਼ੁਰੂਆਤ ਹੋ ਗਈ ਸੀ ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਏਸੇ ਦਾ ਬੋਲਬਾਲਾ ਹੋ ਗਿਆ ਹੈ।ਇਹੋ ਜਿਹੀ ਸਥਿਤੀ ਵਿਚ ਨਿਪੁੰਸਕ ਗੁੱਸੇ ਦੀ ਸਿਆਸੀ ਕੀਰਨੇਬਾਜੀ ਵੀ ਕਿਸੇ ਕੰਮ ਨਹੀ ਅਉਂਦੀ ਕਿਉਂਕਿ ਇਹ ਗੱਦੋਂ ਖੁਰਕਣੀ (ਮੁਟੁਓਲ ਓਦਮਰਿਓਟੌਨਿ) ਵਰਗੀ ਵਕਤੀ ਸਿਆਸਤ ਦੇ ਭਰਮ ਦੀ ਸ਼ਿਕਾਰ ਹੋ ਜਾਂਦੀ ਹੈ।ਇਹੋ ਜਿਹੀ ਹਾਲਤ ਵਿਚ ਚੇਤੰਨ ਹੁੰਦਿਆਂ ਚੁੱਪ ਰਹਿਣ ਦਾ ਪਾਪ ਅਕਸਰ ਹੰਢਾਉਣਾ ਪੈ ਜਾਂਦਾ ਹੈ।ਜਥੇਦਾਰ ਟੌਹੜਾ ਪੰਥਕ ਸਿਆਸਤ ਦੀ ਬਿਖਮ ਵੰਗਾਰ ਨੂੰ ਪਰਵਾਨ ਕਰਕੇ ਇਕਲੇ ਹੁੰਦੇ ਰਹੇ ਸਨ।ਉਹ ਨਹੀਂ ਰਹੇ ਅਤੇ ਉਨ੍ਹਾਂ ਵਾਂਗ ਉਦਾਸੀਆਂ ਅਤੇ ਖੁਆਰੀਆਂ ਨੂੰ ਹੁੰਗਾਰਾ ਭਰਣ ਵਾਲਾ ਕੋਈ ਨਜ਼ਰ ਵੀ ਨਹੀਂ ਆ ਰਿਹਾ ਤਾਂ ਵੀ ਸਿਆਂਸੀ ਵੰਗਾਰਾਂ ਨੂੰ ਲਹਿਰ ਬਨਾਏ ਜਾਣ ਦੀ ਪੰਥਕ ਲੋੜ ਸਾਹਮਣੇ ਹੈ।ਸਿਖ ਚੇਤਨਾਂ ਵਲੋਂ ਜੇ

ਰਲ ਮਿਲਕੇ ਯਤਨ ਕੀਤੇ ਜਾਣ ਤਾਂ ਖਾਲਸਾ ਪੰਥ ਆਪਣੀ ਰੀਝ ਦੇ ਪ੍ਰਗਟਾਵੇ ਲਈ ਕਮਰਕਸਾ ਕਰ ਸਕਦਾ ਹੈ ਕਿਉਂਕਿ ਗੁਰੂਕਿਆਂ ਦੇ ਲਹੂ ਵਿਚ ਸਿੱਖੀ ਨਿਰੰਤਰ ਵਹਿ ਰਹੀ ਹੈ। ਜਿਵੇਂ ਜਿਵੇਂ ਪੰਥਕ ਜਦੋਜਹਿਦ ਦਾ ਰਾਹ ਰੋਕਣ ਦੀਆਂ ਸਿਆਸੀ ਸੰਭਾਵਨਾਵਾਂ ਪੈਦਾ ਹੁੰਦੀਆਂ ਰਹਿਣਗੀਆਂ, ਤਿਵੇਂ ਤਿਵੇਂ ਸਿਖ ਨਾਬਰੀ ਕਿਸੇ ਨ ਕਿਸੇ ਰੂਪ ਵਿਚ ਅੰਗੜਾਈਆਂ ਲੈਂਦੀ ਰਹੇਗੀ।ਇਸ ਵਾਸਤੇ ਲੋੜੀਂਦੇ ਪੰਥਕ ਹੁੰਗਾਰੇ ਲਈ ਜਥੇਦਾਰ ਟੌਹੜਾ ਵਾਂਗ ਪਿੰਡਾਂ ਵਲ ਮੁੜਣਾ ਪੈਣਾ ਹੈ। ਇਹ ਸਵਾਲ ਹਰੇਕ ਸਿਖ ਦੇ ਸਾਹਮਣੇ ਹੈ ਕਿ ਜਿਸ ਤਰ੍ਹਾਂ ਗੁਰੂ ਜੀ ਦੀਆਂ ਬਖਸ਼ਿਸ਼ਾਂ ਦੇ ਸਿੱਖ ਪਾਤਰ ਸਾਰੀ ਦੁਨੀਆਂ ਵਿਚ ਫੈਲ ਗਏ ਹਨ, ਕੀ ਉਸ ਮਾਤਰਾ ਵਿਚ ਸਿਖ ਵੀ ਰਹਿ ਗਏ ਹਨ ਜਾਂ ਨਹੀਂ? ਇਸਦੇ ਉਤਰ ਵਿਚ ਹੀ ਉਨ੍ਹਾਂ ਪੰਥਕ ਬੋਲਬਾਲਿਆਂ ਦਾ ਭੇਦ ਛੁਪਿਆ ਹੋਇਆ ਹੈ, ਜਿਸ ਨੂੰ ਪੰਥਕ ਮੁਹਿੰਮ ਬਨਾਉਣ ਲਈ ਜਥੇਦਾਰ ਟੌਹੜਾ ਪੰਥ ਦਰਦੀਆਂ ਨੂੰ ਪੰਥਕ ਬਿਰਦ ਪਾਲਣ ਲਈ ਆਵਾਜ ਦੇਂਦੇ ਰਹੇ ਸਨ।

ਕੌਮਾਂ ਦੀ ਤਾਸੀਰੀ ਪਰਖ, ਦਰਪੇਸ਼ ਦੁਸ਼ਵਾਰੀਆਂ ਸਮੇਂ ਹੀ ਹੁੰਦੀ ਹੈ।ਦਰਪੇਸ਼ ਕੌਮੀ ਚੁਣੌਤੀਆਂ ਨੂੰ ਜੇ ਸੁਜੱਗਤਾ ਨਾਲ ਨਜਿੱਠਿਆ ਜਾਵੇ ਤਾਂ ਇਹ ਕੌਮੀ ਚੇਤਨਾਂ ਨੂੰ ਨਰੋਆ ਕਰਣ ਦੀ ਭੂਮਿਕਾ ਵੀ ਨਿਭਾ ਸਕਦੀਆ ਹਨ।ਸਿੱਖ ਕੌਮ ਇਸ ਵੇਲੇ ਬਹੁਪਰਤੀ ਸਮਸਿਆਵਾਂ ਨਾਲ ਘਿਰੀ ਪਈ ਹੈ।ਇਥੋਂ ਤਕ ਕਿ ਕੌਮੀ ਲੀਡਰਸ਼ਿਪ ਦੀ ਭੂਮਿਕਾ ਆਪਣੇ ਆਪ ਵਿਚ ਪੰਥਕ ਸਮਸਿਆ ਹੋਈ ਪਈ ਹੈ। ਸਿੱਖ ਚੇਤਨਾਂ ਦਾ ਰੋਲ ਵੀ ਕਿਧਰੇ ਨਜ਼ਰ ਨਹੀ ਆਉਂਦਾ।ਕਿਸੇ ਸੰਗਠਤ ਪੰਥਕ ਕੋਸ਼ਿਸ਼ ਦਾ ਜ਼ਿਕਰ ਵੀ ਨਹੀ ਚਲ ਰਿਹਾ।ਇਸ ਹਾਲਤ ਵਿਚ ਵੀ ਬਾਹਰੋਂ ਦਰਪੇਸ਼ ਚੁਣੌਤੀਆਂ ਨਾਲੋਂ ਕਿਤੇ ਵੱਧ, ਅੰਦਰੋਂ ਲਗ ਰਿਹਾ ਖੋਰਾ (ਆਪਸੀ ਲੜਾਈ ਅਤੇ ਪਤਿਤਪੁਣੇ ਦੇ ਰੂਪ ਵਿਚ) ਥਾਂ ਥਾਂ ਸਾਹਮਣੇ ਆ ਰਿਹਾ ਹੈ।ਕੌਮੀ ਮੁੱਦਿਆਂ ਦੀ ਥਾਂ, ਸਿਰ ਬਚਾਉਣ ਤੇ ਸੌਖਿਆਂ ਅਮੀਰ ਹੋਣ ਦੀ ਸਿਆਸਤ ਨੇ ਆਪਾਧਾਪੀ ਵਾਲਾ ਮਾਹੌਲ ਪੈਦਾ ਕਰ ਦਿਤਾ ਹੈ।ਗੁਰੂ ਦੇ ਬੰਦੇ, ਬੰਦਿਆਂ ਦੇ ਬੰਦੇ ਹੋ ਜਾਣ ਦੀ ਅਸਿੱਖ ਸੰਤੁਸ਼ਟੀ ਦਾ ਲਗਾਤਾਰ ਸ਼ਿਕਾਰ ਹੁੰਦੇ ਜਾ ਰਹੇ ਹਨ।ਇਸ ਨਾਲ ਮੀਰੀ ਨਾਲੋਂ ਵਿਛੁੰਨੀ ਸਿਆਸਤ ਦੀ ਸ਼ੋਰੀਲੀ ਖੋਹਾਖਿੰਝੀ ਵਿਚ ਸਿੱਖੀ ਦਾ ਫਖਰ ਔਝੜੀਂ ਪੈ ਗਿਆ ਹੈ।ਪਰਾਪਤ ਸਿੱਖ ਸੰਸਥਾਵਾਂ ਦਾ ਜਾਂ ਅਪਹਰਣ ਹੋ ਗਿਆ ਹੈ ਜਾਂ ਉਹ ਇਕ ਦੂਜੇ ਨੂੰ ਫਿਹਲ ਕਰਣ ਦੀ ਸਿਆਸਤ ਦਾ ਸ਼ਿਕਾਰ ਹੋ ਗਈਆ ਹਨ।ਨਤੀਜਾ ਇਹ ਨਿਕਲ ਆਇਆ ਹੈ ਕਿ ਅਕਾਲੀ ਦਲ ਦਾ ਸਿਆਸਤਨੁਮਾਂ ਧਰਮ ਅਤੇ ਸ਼ਰੋਮਣੀ ਕਮੇਟੀ ਦੀ ਧਰਮਨੁਮਾਂ ਸਿਆਸਤ, ਇਕ ਦੂਜੇ ਦੇ ਪੂਰਕ ਹੋਣ ਦੀ ਥਾਂ, ਇਕ ਦੂਜੇ ਨੂੰ ਫਿਹਲ ਕਰਣ ਦੀ ਭੂਮਿਕਾ ਨਿਭਾਉਣ ਲਈ ਮਜਬੂਰ ਹਨ।ਇਹੀ ਪੰਥਕ ਹੋਣੀ ਹੋ ਗਈ ਹੈ।ਇਸਦਾ ਸਭ ਤੋਂ ਵੱਧ ਨੁਕਸਾਨ ਤਖਤ ਸੰਸਥਾਵਾਂ ਨੂੰ ਹੋਇਆ ਹੈ ਕਿਉਂਕਿ ਤਖਤ ਸੰਸਥਾਵਾਂ, ਮੀਰੀ ਪੀਰੀ ਦੀਆਂ ਪ੍ਰਤੀਨਿਧ ਹੋਣ ਦੇ ਬਾਵਜੂਦ, ਅਕਾਲੀਆਂ ਦੀ ਧਰਮਨੁਮਾਂ ਸਿਆਸਤ ਜਾਂ ਸਿਆਸਤਨੁਮਾਂ ਧਰਮ ਦੀਆਂ ਪ੍ਰਤੀਨਿੱਧ ਨ ਰਹਿਣ ਦੀ ਹੋਣੀ ਭੋਗ ਰਹੀਆਂ ਹਨ। ਸੋ ਪੰਥ ਦੀ ਮੂਲ ਸੰਸਥਾ, ਅਕਾਲ ਤਖਤ ਸਾਹਿਬ ਦੀ ਸਾਖ, ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਕਰਕੇ, ਦਿਨੋ ਦਿਨ ਆਮ ਸਿੱਖਾਂ ਦੇ ਮਨਾਂ ਵਿਚ ਪਤਲੀ ਪੈਂਦੀ ਜਾ ਰਹੀ ਹੈ।ਇਸ ਵਿਚੋਂ ਇਹ ਸਮਝੇ ਬਿਨਾਂ ਨਹੀਂ ਨਿਕਲਿਆ ਜਾ ਸਕਦਾ ਕਿ ਪੰਥ ਵਿਸ਼ਵਾਰਥੀ ਸਚਾਈ ਹੈ ਪਰ ਕਿਸੇ ਕਿਸਮ ਦੀ ਵੀ ਸਿੱਖ ਸਿਆਸਤ, ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਲੋਕਲ ਵੀ ਰਹਿਣੀ ਹੈ ਅਤੇ ਸਬੰਧਤ ਸਥਾਨਕਤਾ ਵਾਲੇ ਦੇਸ਼ ਕਾਲ ਦੀ ਵਿਧਾਨਕਤਾ ਦੀ ਮੁਥਾਜ ਵੀ ਰਹਿਣੀ ਹੈ। ਉਦਾਹਰਣ ਵਜੋਂ ਅਕਾਲੀ ਸਿਆਸਤ ਦੀ ਅੰਬਾਲੇ (ਪੰਜਾਬ ਦੀ ਹੱਦ) ਤੋਂ ਅਗੇ ਕੋਈ ਪੰਥਕ ਅਹਿਮੀਅਤ ਤਾਂ ਕੀ ਰਹਿਣੀ ਹੈ, ਸਿਆਸੀ ਅਹਿਮੀਅਤ ਵੀ ਨਹੀਂ ਨਜ਼ਰ ਆ ਰਹੀ? ਹਾਂ, ਲੋੜ ਪੈਣ ਤੇ ਅਕਾਲੀ ਲੀਡਰਸ਼ਿਪ, ਪੰਥ ਦੇ ਨਾਮ ਤੇ, ਪੰਜਾਬੋਂ ਬਾਹਰ ਭਾਰਤ ਵਿਚ ਵਸਦੇ ਸਿੱਖਾਂ ਨੂੰ, ਆਪਣੀਆਂ ਸਿਆਸੀ ਗਰਜ਼ਾਂ ਲਈ, ਵਰਤਦੀ ਜ਼ਰੂਰ ਆ ਰਹੀ ਹੈ।ਇਥੋਂ ਤਕ ਕਿ ਅਕਾਲੀ ਸਿਆਸਤਦਾਨ, ਪੰਥ ਪ੍ਰਸਤੀ ਲਈ ਲੋੜੀਂਦੀ ਭੂਮਿਕਾ ਨ ਆਪ ਨਿਭਾਉਦੇ ਹਨ ਅਤੇ ਨ ਕਿਸੇ ਹੋਰ ਨੂੰ ਨਿਭਾਉਣ ਦੇਂਦੇ ਹਨ।ਇਹੀ ਸਮਸਿਆ, ਗਲੋਬਲ ਭਾਈਚਾਰਾ ਹੋ ਗਈ ਸਿੱਖ ਕੌਮ ਲਈ, ਹੋਰ ਵੀ ਗੰਭੀਰ ਹੋ ਗਈ ਹੈ।ਇਸ ਵਿਚੋਂ ਹੀ ਪਰੋਗਰਾਮਿੰਗ ਤੇ ਪਲੈਨਿੰਗ ਦੀ ਲੋੜ ਪੈਦਾ ਹੋਈ ਹੈ।ਇਸ ਵਲ ਧਿਆਨ ਜਥੇਦਾਰ ਟੌਹੜਾ ਜਾਣਨ ਅਤੇ ਚਾਹੁਣ ਦੇ ਬਾਵਜੂਦ ਨਹੀਂ ਦੇ ਸਕੇ ਸਨ।

ਸਿੱਖ ਸੁਰ ਵਿਚ ਆਸ ਦੀ ਕਿਰਣ ਕਦੇ ਬੁਝਦੀ ਨਹੀਂ ਹੈ ਕਿਉਕਿ ਬਾਵਜੂਦ ਉਪਰ ਦਸੀਆਂ ਮੁਸ਼ਕਲਾਂ ਦੇ, ਸਿੱਖਾਂ ਅੰਦਰ ਬਾਣੀ ਲਈ ਸ਼ਰਧਾ ਤੇ ਫਖਰ ਕਾਇਮ ਹੈ।ਪਰ ਪੰਥਕ ਬੋਲ ਬਾਲਿਆਂ ਦਾ ਪਰਸੰਗ ਜ਼ਰੂਰ ਕਮਜ਼ੋਰ ਪੈ ਗਿਆ ਹੈ।ਭਾਵ

ਇਹ ਕਿ ਗੁਰਦੁਆਰਾ ਸੰਸਥਾ ਤਾਂ ਕੌਮੀ ਭੂਮਿਕਾ ਕਿਸੇ ਨ ਕਿਸੇ ਰੂਪ ਵਿਚ ਨਿਭਾ ਰਹੀ ਹੈ ਪਰ ਤਖਤ ਸੰਸਥਾਵਾਂ ਦਾ ਜਾਂ ਸਿਆਸੀ ਅਪਹਰਣ ਹੋ ਗਿਆ ਹੈ, ਜਾਂ ਇਹ ਸੰਸਥਾਵਾਂ ਕਿਸੇ ਨ ਕਿਸੇ ਰੂਪ ਵਿਚ ਸੰਸਥਾ- ਮੁਖੀਆਂ ਦੀ ਸਿਧੀ ਜਾਂ ਅਸਿਧੀ ਈਜਾਰੇਦਾਰੀ ਹੋ ਗਈਆਂ ਹਨ। ਇਸ ਨਾਲ ਕੇਵਲ ਤੇ ਕੇਵਲ ਅਕਾਲ ਤਖਤ ਸਾਹਿਬ ਦੀ ਸਾਖ ਬਹਾਲੀ ਰਾਹੀਂ ਹੀ ਨਜਿਠਿਆ ਜਾ ਸਕਦਾ ਹੈ। ਇਸ ਪਾਸਿਉਂ ਹੋ ਰਹੀ ਅਣਗਹਿਲੀ ਸਿੱਖੀ ਦੇ ਹਿਤ ਵਿਚ ਨਹੀਂ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਹਵਾਲੇ ਨਾਲ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਧਰਮ ਅਤੇ ਸਿਆਸਤ ਦੇ ਚਕਰਵਿਹੂ ਵਿਚ ਫਸੀ ਸਿੱਖ ਕੌਮ ਆਪਣਾ ਰਾਹ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਕੱਢ ਸਕੇਗੀ।